
FARM AND SPICE
Open 7 Days a Week
8.30 am to 9.00 pm
SPECIAL OFFERS: 07 - 13 APR
Daily Specials on
ਕਾਸਮਿਕ ਕ੍ਰਿਸਪ ਸੇਬ
Cosmic Crisp Apple
$1.49 /lb
ਸੰਤਰਾ ਛੋਟਾ/ਵੱਡਾ
Orange Small/Large
$1.49 /lb
ਐਂਬ੍ਰੋਸੀਆ ਸੇਬ
Ambrosia Apple
$1.49 /lb
ਜ਼ੁਕੀਨੀ
Zuchinni
$1.29 /lb
ਹਰੇ ਪਿਆਜ਼
Green Onion
69¢ each
ਲਸਣ
Garlic 3's
69¢ each
ਸ਼ਕਰਕੰਦੀ
Red Yams/ Sweet Potato
$1.49 /lb
ਟਮਾਟਰ
Tomatoes
Roma/Field
$1.49 /lb
ਮੈਂਡਰੀਨਜ਼
Mandarins
99¢ /lb
ਅੰਜੂ ਪੀਅਰਜ਼
Anjou Pears
$1.99 /lb
ਆਵੋਕਾਡੋ
Avocado
99¢ each
ਸ਼ਿਮਲਾ ਮਿਰਚ
Green Pepper
$1.79 /lb
ਬੀਨਜ਼
Beans
$1.99 /lb
ਬ੍ਰੋਕਲੀ
Brocolli
$2.49 /lb
ਤਰਬੂਜ਼
Watermelon Mini
$2.99 each
ਕੋਲਸਨ ਸੇਵੀਆਂ
Kolson
u shaped sewian
150g
99¢ each
ਟਾਟਾ ਨਮਕ
Tata Salt
$1.99 each
Vaisakhi Special
ਨੈਸ਼ਨਲ ਸੇਵੀਆਂ
National
u shaped sewian
150g
99¢ each
ਸਫੋਲਾ ਓਟਸ
Saffola Masala
Assorted Oats
2 for 99¢ 38 g
ਰੂਹਅਫਜ਼ਾ
Hamdard
Roohafza Pakistani
800ml
$3.99 each
ਸ਼ੇਰ ਵੇਸਣ
Sher Besan
4lb
$3.99 each
ਪਾਰਲੀਮੈਂਟ ਚਾਵਲ
Parliament
Rozana Basmati Rice
8 lb
$7.99 each
ਅਸ਼ੋਕਾ ਸਾਗ
Ashoka
Sarson Ka Saag
850g
$2.99 each
ਹੀਰ ਦਾਲਾਂ
Heer Lentils
Moong Beans Whole/ Moong Washed
Urad Dal/Moth Beans
4lb
$5.99 each
ਪਚਰੰਗਾ ਸ਼ੱਕਰ
Pachranga
Punjabi Shakkar
1kg
$3.99 each
ਢਿੱਲੋਂ ਬਿਸਕੁਟ
Dhillon
Punjabi Biscuit
1.5lb
$5.99 each
ਹੀਰ ਖੰਡ
Heer Sugar
Brown/White
8 lb
$7.99 each
ਟਾਟਾ ਚਾਹ
Tata Tea
Premium
220 bags
$8.99 each
Aplus
Silver Basmati
5kg
$11.99 each
ਰੈਡ ਲੇਬਲ ਚਾਹ
Red Label
Round Tea Bags
216Bags
$11.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਅਜਨਾਲੇ ਥਾਣੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਜਾਣਾ ਅੰਮ੍ਰਿਤਪਾਲ ਸਿੰਘ ਦੀ ਵੱਡੀ ਗਲਤੀ ਸੀ:ਭਾਈ ਦਲਜੀਤ ਸਿੰਘ

ਜਲੰਧਰ,(ਜੇ.ਐੱਸ. ਸੋਢੀ)- ਸਥਾਨਕ ਪ੍ਰੈਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਪੰਥ ਸੇਵਕ ਭਾਈ ਦਲਜੀਤ ਸਿੰਘ , ਭਾਈ ਨਰਾਇਣ ਸਿੰਘ ਚੌੜਾ,ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ , ਭਾਈ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਸਰਕਾਰ ਵੱਲੋਂ ਨੌਜਵਾਨਾਂ ਦੀ ਕੀਤੀ ਜਾ ਰਹੀ ਫੜੋ ਫੜੀ ਤੁਰੰਤ ਬੰਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਮ੍ਰਿਤਪਾਲ ਸਿੰਘ ਵੱਲੋਂ ਅਜਨਾਲੇ ਥਾਣੇ ਵਿੱਚ ਲੈ ਕੇ ਜਾਣਾ ਵੱਡੀ ਗ਼ਲਤੀ ਸੀ ਜਿਸ ਦਾ ਖਮਿਆਜ਼ਾ ਉਸ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਸਰਕਾਰਾਂ ਨੂੰ ਇਹ ਕਮਜ਼ੋਰੀ ਮਿਲ ਗਈ।ਉਹਨਾਂ ਕਿਹਾ ਕਿ ਸਰਬੱਤ ਖਾਲਸਾ ਕਿਸੇ ਅਹਿਮ ਸਮੇਂ ਤੇ ਮਰਿਯਾਦਾ ਮੁਤਾਬਕ ਹੀ ਬਲਾਇਆ ਜਾ ਸਕਦਾ ਹੈ।ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸਰਬੱਤ ਖਾਲਸਾ ਬੁਲਾਣਾ ਇਸ ਸਮੇਂ ਲਈ ਢੁੱਕਵਾਂ ਨਹੀਂ।ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਦਿੱਲੀ ਦਰਬਾਰ (ਇੰਡੀਅਨ ਸਟੇਟ) ਵਲੋਂ ਵਿਓਂਤੇ ਗਏ ਵੱਡੇ ਮਨੋਵਿਗਿਆਨਕ ਹਮਲੇ ਦੀ ਮਾਰ ਝੱਲ ਰਹੇ ਹਨ ਜਿਸ ਤਰੀਕੇ ਨਾਲ ਪੰਜਾਬ ਭਰ ਵਿਚੋਂ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ, ਉਹਨਾ ਵਿਰੁੱਧ ਬੇਬੁਨਿਆਦ ਮਾਮਲੇ ਦਰਜ਼ ਕੀਤੇ ਗਏ ਅਤੇ ਕਈਆਂ ਨੂੰ ਨੈਸ਼ਨਲ ਸਕਿਓਰਟੀ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਭੇਜਿਆ ਗਿਆ ਉਹ ਸਭ ਇਕ ਗਿਣੀ-ਮਿੱਥੀ ਸਾਜਿਸ਼ ਤਹਿਤ ਪੰਜਾਬ ਅਤੇ ਸਿੱਖਾਂ ਨੂੰ ਬਦਨਾਮ ਕਰਨ ਤੋਂ ਇਕੱਲਿਆਂ ਨਿਖੇੜ ਕੇ ਨਿਸ਼ਾਨੇ ਉੱਤੇ ਲਿਆਉਣ ਲਈ ਕੀਤਾ ਗਿਆ ਹੈ।ਗ੍ਰਿਫਤਾਰੀਆਂ ਦੇ ਨਾਲ ਦੂਜਾ ਪੱਖ ਇਹ ਹੈ ਕਿ ਦੁਨੀਆ ਭਰ ਵਿਚੋਂ ਸਿੱਖਾਂ ਦੇ ਹੱਕ ਵਿਚ ਉੱਠਣ ਵਾਲੀਆਂ ਆਵਾਜ਼ਾਂ ਨੂੰ ਸੂਚਨਾ-ਤਕਨੀਕ ਕਾਨੂੰਨ ਦੀ ਦੁਰਵਰਤੋਂ ਕਰਕੇ ਇੰਡੀਆ ਤੇ ਪੰਜਾਬ ਵਿਚ ਰੋਕ ਦਿੱਤਾ ਗਿਆ।ਕੌਮਾਂਤਰੀ ਸਿਆਸਤਦਾਨਾਂ, ਨਾਮੀ ਪੱਤਰਕਾਰਾਂ ਸਮੇਤ ਪੰਜਾਬ ਦੇ ਅਨੇਕਾ ਖਬਰ ਅਦਾਰਿਆਂ ਦੇ ਸਟੇ ਇੰਡੀਆ ਵਿਚ ਰੋਕ ਦਿੱਤੇ ਗਏ। ਇਹ ਸਭ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਨੇ ਮਿਲ ਕੇ ਕਿਰਸਾਨੀ ਸੰਘਰਸ਼ ਵਿਚ ਮੁਹਰੀ ਭੂਮਿਕਾ ਨਿਭਾਉਣ ਕਰਕੇ ਇੰਡੀਅਨ ਉਪਮਹਾਂਦੀਪ ਵਿੱਚ ਸਿੱਖਾਂ ਦੀ ਬਈ ਸਾਖ ਤੇ ਕਰੋਨਾਕਾਲ ਦੌਰਾਨ ਸਰਬੱਤ ਦੇ ਭਲੇ ਹਿਤ ਕੀਤੀ ਸੇਵਾ ਕਰਕੇ ਸੰਸਾਰ ਪੱਧਰ ਉੱਤੇ ਬਣੇ ਅਕਸ ਨੂੰ ਖਰਾਬ ਕਰਨ ਵਾਸਤੇ ਕੀਤਾ ਹੈ। ਇਹਨਾ ਸਰਕਾਰਾਂ ਨੇ ਇਸ ਦਮਨ-ਚੱਕਰ ਰਾਹੀਂ ਸਿੱਖਾਂ ਅਤੇ ਪੰਜਾਬ ਦੀ ਅਵਾਮ ਦੇ ਮਨਾਂ ਵਿਚ ਸਰਕਾਰੀ ਤੰਤਰ ਦਾ ਖੌਫ ਬਿਠਾਉਣ ਦੀ ਕੋਸ਼ਿਸ਼ ਕੀਤੀ ਹੈ।ਤੀਜਾ ਪੱਖ ਇਹ ਹੈ ਕਿ ਇਹ ਸਮਾਂ ਸਿੱਖਾਂ ਵਾਸਤੇ ਬਹੁਤ ਨਾਜ਼ੁਕ ਹੈ। ਇਸ ਮੌਕੇ ਸਰਕਾਰ ਸਿੱਖਾਂ ਦੀਆਂ ਪਵਿੱਤਰ ਤੇ ਅਜ਼ੀਮ ਹਸਤੀਆਂ ਤੇ ਸੰਕਲਪਾਂ- ਜਿਵੇਂ ਕਿ ਗੁਰੂ, ਸ਼ਹੀਦ ਅਤੇ ਇਤਿਹਾਸਕ ਵਰਤਾਰਿਆਂ ਨੂੰ ਧੁੰਦਲੇ ਕਰਨ ਦਾ ਯਤਨ ਕਰ ਰਹੀ ਹੈ।ਜਿਸ ਤਹਿਤ ਇਹਨਾਂ ਪਵਿੱਤਰ ਸੰਕਲਪਾਂ ਅਤੇ ਹਸਤੀਆਂ ਬਾਰੇ ਵਿਵਾਦ ਭੜਕਾਅ ਕੇ ਜਾਂ ਘਟਨਾਵਾਂ ਕਰਵਾ ਕੇ ਇਹਨਾਂ ਦੀ ਪਵਿੱਤਰਤਾ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਸ਼ਹੀਦ ਦੇ ਸੰਕਲਪ ਨੂੰ ਧੁੰਦਲਾ ਕਰਨ ਦੇ ਯਤਨ ਅਤੇ ਇਤਿਹਾਸਕ ਵਰਤਾਰਿਆਂ ਦੀ ਨਕਲ ਲਾਹੁਣ ਦੀਆਂ ਕੋਸ਼ਿਸ਼ਾਂ ਇਸੇ ਦਾ ਹਿੱਸਾ ਹਨ। ਚੌਥਾ ਪੱਖ ਇਹ ਹੈ ਕਿ ਦਿੱਲੀ ਦਰਬਾਰ ਸਿੱਖਾਂ ਵਿਚ ਧੜੇਬੰਦੀ, ਬੇਵਿਸ਼ਵਾਸ਼ੀ ਅਤੇ ਆਪੋਧਾਪੀ ਨੂੰ ਵਧਾ ਰਿਹਾ ਹੈ।ਜਾਣੇ-ਅਣਜਾਣੇ ਵਿਚ ਕਈ ਸਿੱਖ ਵੀ ਇਹ ਸਭ ਦਾ ਹਿੱਸਾ ਬਣ ਰਹੇ ਹਨ। ਇਹੀ ਕਾਰਨ ਹੈ ਕਿ ਹਰ ਘਟਨਾਕ੍ਰਮ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ, ਸ਼ਹੀਦਾਂ ਅਤੇ ਇਤਿਹਾਸਕ ਵਰਤਾਰਿਆਂ ਬਾਰੇ ਜਿਸ ਤਰ੍ਹਾਂ ਦੀ ਚਰਚਾ ਸੋਸ਼ਲਮੀਡੀਆ ਤੇ ਚੈਨਲਾਂ ਸਮੇਤ ਸਾਡੇ ਸਮਾਜ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲਦੀ ਹੈ ਉਸ ਨਾਲ ਇਹਨਾ ਪਵਿੱਤਰ ਹਸਤੀਆਂ ਤੇ ਸੰਕਲਪਾਂ ਦੀ ਪਵਿੱਤਰਤਾ ਨੂੰ ਹੋਰ ਢਾਅ ਲੱਗਦੀ ਹੈ।



- ਸਰਬੱਤ ਖਾਲਸਾ ਬੁਲਾਉਣਾ ਸਮੇਂ ਮੁਤਾਬਿਕ ਢੁਕਵਾਂ ਨਹੀਂ - ਭਾਈ ਨਰਾਇਣ ਸਿੰਘ ਚੌੜਾ
- ਸਰਕਾਰਾਂ ਨੌਜਵਾਨਾਂ ਦੀ ਫੜੋ-ਫੜੀ ਬੰਦ ਕਰਨ
- 28 ਜੂਨ ਨੂੰ ਵਿਸ਼ਵ ਸਿੱਖ ਇਕੱਤਰਤਾ ਆਨੰਦਪੁਰ ਸਾਹਿਬ ਵਿਖੇ ਹੋਵੇਗੀ

ਸਰਬੱਤ ਖਾਲਸਾ ਗੁਰੂ ਖਾਲਸਾ ਪੰਥ ਦੀ ਅਹਿਮ ਸੰਸਥਾ ਹੈ ਜਿਸ ਦਾ ਸਿਧਾਂਤ ਤੇ ਅਮਲ ਇਤਿਹਾਸ ਵਿਚ ਬਹੁਤ ਸਪਸ਼ਟ ਪਰਗਟ ਹੋਇਆ ਹੈ।

ਸਰਬੱਤ ਖਾਲਸਾ ਗੁਰੁ ਖਾਲਸਾ ਪੰਥ ਦੀ ਗੁਰੂ ਅਜਮਤ ਦਾ ਪ੍ਰਗਟਾਵਾ ਹੈ।ਸਰਬੱਤ ਖਾਲਸਾ ਸੰਸਥਾ ਅਤੇ ਗੁਰਮਤਾ ਅਮਲਦਾਰੀ ਦੀ ਸਿੱਖ ਮਨਾਂ ਵਿਚ ਮਾਨਤਾ ਬਰਕਰਾਰ ਹੈ ਪਰ ਮੌਜੂਦਾ ਸਮੇਂ ਸਰਬੱਤ ਖਾਲਸਾ ਸੱਦਣ ਵਾਸਤੇ ਨਿੱਜੀ ਤੇ ਸੰਗਤੀ ਰਹਿਣੀ ਵਿਚ ਪਰਪੱਕ, ਪੰਥਕ ਖੇਤਰ ਵਿਚ ਆਪਣੇ ਜੀਵਨ ਅਮਲ ਰਾਹੀਂ ਘਾਲ ਕਮਾਈ ਵਾਲੀਆਂ ਨਿਸ਼ਕਾਮ ਸਖਸੀਅਤਾਂ ਦਾ ਜਥਾ ਲੋੜੀਂਦਾ ਹੈ ਜੋ ਖਾਲਸਾ ਪੰਥ ਦੇ ਵੱਖ-ਵੱਖ ਜਥਿਆਂ, ਸੰਸਥਾਵਾਂ, ਸੰਪਰਦਾਵਾਂ ਨੂੰ ਗੁਰਮਤਾ ਕਰਨ ਵਾਸਤੇ ਸੂਤਰਬਧ ਕਰ ਸਕੇ। ਬੀਤੇ ਦਾ ਤਜ਼ਰਬਾ ਦਰਸਾਉਂਦਾ ਹੈ ਕਿ ਲੋੜੀਂਦੇ ਨਰਮੇ ਤੇ ਨਿਸ਼ਕਾਮਤਾਂ ਨੂੰ ਅੱਖੋਂ ਪਰੋਖੇ ਕਰਕੇ ਕਾਹਲ ਵਿਚ ਤੇ ਵਕਤੀ ਮਫਾਦਾਂ ਹਿਤ ਅਪਨਾਏ ਅਮਲ ਸਾਰਥਕ ਨਹੀਂ ਹੁੰਦੇ ਬਲਕਿ ਉਹਨਾਂ ਨਾਲ ਪੰਥਕ ਪਰੰਪਰਾਵਾਂ ਤੇ ਸੰਸਥਾਵਾਂ ਨੂੰ ਵੀ ਢਾਅ ਲੱਗਦੀ ਹੈ। ਅਜਿਹੇ ਅਮਲ ਤੋਂ ਹਰ ਹੀਲ ਗੁਰੇਜ ਕਰਨਾ ਚਾਹੀਦਾ ਹੈ।

# ਰੀਨਾ ਕੌਰ ਰਾਏ ਵੱਲੋਂ ਅੰਮ੍ਰਿਤਪਾਲ ਸਿੰਘ ਬਾਰੇ ਟਿੱਪਣੀ ਕਰਨ ਤੋਂ ਇਨਕਾਰ

ਚੰਡੀਗੜ੍ਹ:ਰੀਨਾ ਰਾਏ ਐਤਵਾਰ ਵਾਲੇ ਦਿਨ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਈ। ਇਸ ਮੌਕੇ ਉਸ ਨੇ ਚਿੱਟੇ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਕੇਸਰੀ ਰੰਗ ਦੀ ਪੱਗ ਬੰਨ੍ਹੀ ਹੋਈ ਸੀ। ਉਸ ਨੇ ਕਿਹਾ ਕਿ ਉਹ ਦੀਪ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨ ਆਈ ਹੈ ਅਤੇ ਉਸ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾਵੇਗੀ। ਦੱਸਣਾ ਬਣਦਾ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਸੰਸਥਾਪਕ ਦੀਪ ਸਿੱਧੂ ਦੀ ਪਿਛਲੇ ਸਾਲ 15 ਫਰਵਰੀ ਨੂੰ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਹਾਦਸੇ ਸਮੇਂ ਰੀਨਾ ਵੀ ਗੱਡੀ ਵਿੱਚ ਸੀ ਪਰ ਉਹ ਵਾਲ-ਵਾਲ ਬਚ ਗਈ। ਮੀਡੀਆ ਨਾਲ ਗੱਲ ਕਰਦਿਆਂ ਉਸ ਨੇ ਕਿਹਾ ਕਿ ਉਹ ਦੀਪ ਦੇ ਜਨਮ ਦਿਨ 'ਤੇ ਪੰਜਾਬ ਦੇ ਨੌਜਵਾਨਾਂ ਨੂੰ ਸਿੱਖਿਆ ਦਾ ਤੋਹਫਾ ਦੇਣ ਜਾ ਰਹੀ ਹੈ ਕਿਉਂਕਿ ਇਹ ਉਸ ਦਾ ਸੁਫਨਾ ਸੀ। ਹਾਲਾਂਕਿ ਉਸਨੇ ਅੰਮ੍ਰਿਤਪਾਲ ਸਿੰਘ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਨੂੰ ਮੁੜ ਸੁਰਜੀਤ ਕਰਨ ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।





BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh

Charlesworth insurance services ltd.
Servicing the following insurance needs:
autoplan
· Homeowners · Condo · Cargo
· Tenants · RV's · Liability
· Farms · Business · Auto
· Travel · Contractors · Private Auto
· Life · Disability · Marriage Licence Issuer
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਭਾਰਤ ਵਿਚ ਘੱਟ ਗਿਣਤੀਆਂ ਤੇ ਮੀਡੀਆ ਦਾ ਹੋ ਰਿਹਾ ਏ ਘਾਣ

## ਐਮਨੈਸਟੀ ਇੰਟਰਨੈਸ਼ਨਲ ਨੇ ਮਨੁੱਖੀ ਅਧਿਕਾਰਾਂ ਬਾਰੇ ਜਾਰੀ ਕੀਤੀ ਰਿਪੋਰਟ

### ਸਰਕਾਰ ਅਤੇ ਮੀਡੀਆ ਘੱਟ ਗਿਣਤੀ ਕੌਮਾਂ ਦੀਆਂ ਮੰਗਾਂ ਬਾਰੇ ਅੰਦੋਲਨਾਂ ਨੂੰ ਦੱਸਦਾ ਏ ਦੇਸ਼ ਲਈ ਖ਼ਤਰਾ

ਐਮਨੈਸਟੀ ਇੰਟਰਨੈਸ਼ਨਲ ਨੇ ਹਾਲ ਹੀ ਵਿੱਚ ਆਪਣੀ ਸਾਲਾਨਾ ਰਿਪੋਰਟ 2022/23 ਦਾ ਸਟੇਟ ਆਫ ਵਰਲਡਜ ਹਿਊਮਨ ਰਾਈਟਸ ਪ੍ਰਕਾਸ਼ਿਤ ਕੀਤੀ ਹੈ। ਇਸ ਵਿੱਚ ਭਾਰਤ ਬਾਰੇ ਦੱਸਿਆ ਗਿਆ ਹੈ ਕਿ ਬਿਨਾਂ ਬਹਿਸ ਅਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਲਏ ਬਿਨਾਂ ਨਵੇਂ ਕਾਨੂੰਨ ਅਤੇ ਨੀਤੀਆਂ ਲਾਗੂ ਕਰਕੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਮੈਂਬਰਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ। ਸਰਕਾਰ ਧਾਰਮਿਕ ਘੱਟ-ਗਿਣਤੀਆਂ ‘ਤੇ ਲਗਾਤਾਰ ਹਮਲੇ ਕਰ ਰਹੀ ਹੈ ਅਤੇ ਸਤਾਧਾਰੀ ਨੇਤਾ, ਸਮਰਥਕ ਅਤੇ ਸੱਤਾ ‘ਤੇ ਬੈਠੇ ਸਰਕਾਰੀ ਅਧਿਕਾਰੀ ਖੁੱਲ੍ਹੇਆਮ ਨਫ਼ਰਤ ਭਰੇ ਬਿਆਨ ਦਿੰਦੇ ਹਨ, ਘੱਟ ਗਿਣਤੀਆਂ ਵਿਰੁੱਧ ਭਾਸ਼ਣ ਤੇ ਨਾਅਰੇਬਾਜ਼ੀ ਕਰਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ । ਮੁਸਲਿਮ ਪਰਿਵਾਰਾਂ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਸਜ਼ਾ ਦੇ ਨਾਂ ‘ਤੇ ਬਿਨਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਬੁਲਡੋਜ਼ਰ ਨਾਲ ਉਹਨਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਮਿਲਦੀ।

ਐਮਨੈਸਟੀ ਦੀ ਰਿਪੋਰਟ ਅਨੁਸਾਰ ਸਰਕਾਰ ਅਤੇ ਮੀਡੀਆ ਘੱਟ ਗਿਣਤੀ ਕੌਮਾਂ ਦੀਆਂ ਮੰਗਾਂ ਬਾਰੇ ਅੰਦੋਲਨਾਂ ਨੂੰ ਦੇਸ਼ ਲਈ ਖ਼ਤਰਾ ਦੱਸਦੀ ਹੈ ਅਤੇ ਉਨ੍ਹਾਂ ਦੀ ਅਵਾਜ਼ ਨੂੰ ਦਬਾਉਣ ਤੇ ਅੰਦੋਲਨਾਂ ਨੂੰ ਕੁਚਲਣ ਲਈ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਉਹਨਾਂ ਦੀ ਅਵਾਜ਼ ਨੂੰ ਦਬਾਉਣ ਲਈ ਉਹਨਾਂ ਵਿਰੁੱਧ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਿਆਪਕ ਤੌਰ ‘ਤੇ ਦੁਰਵਰਤੋਂ ਕੀਤੀ ਜਾਂਦੀ ਹੈ। ਨਿਰਪੱਖ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਚੁੱਪ ਕਰਾਉਣ ਲਈ ਡਿਜੀਟਲ ਤਕਨਾਲੋਜੀ ਦੇ ਨਾਲ-ਨਾਲ ਗੈਰ-ਕਾਨੂੰਨੀ ਤੌਰ ਉਪਰ ਨਿਗਰਾਨੀ ਰਖੀ ਜਾਂਦੀ ਹੈ। ਭਾਰਤ ਵਿੱਚ ਆਦਿਵਾਸੀਆਂ ਅਤੇ ਦਲਿਤਾਂ ਵਰਗੇ ਹਾਸ਼ੀਏ ‘ਤੇ ਰਹਿ ਗਏ ਭਾਈਚਾਰਿਆਂ ਵਿਰੁੱਧ ਹਿੰਸਾ ਅਤੇ ਵਿਤਕਰਾ ਆਮ ਗੱਲ ਹੈ।

ਇਸ ਰਿਪੋਰਟ ਵਿੱਚ ਪ੍ਰਗਟਾਵੇ ਅਤੇ ਵਿਰੋਧ ਦੀ ਆਜ਼ਾਦੀ, ਗੈਰ-ਕਾਨੂੰਨੀ ਨਜ਼ਰਬੰਦੀ, ਗੈਰ-ਕਾਨੂੰਨੀ ਹਮਲੇ ਅਤੇ ਹੱਤਿਆਵਾਂ, ਸੁਰੱਖਿਆ ਬਲਾਂ ਦੀ ਦੁਰਵਰਤੋਂ, ਧਾਰਮਿਕ ਆਜ਼ਾਦੀ, ਵਿਤਕਰਾ ਅਤੇ ਅਸਮਾਨਤਾ, ਆਦਿਵਾਸੀਆਂ ਦੇ ਅਧਿਕਾਰ, ਜੰਮੂ-ਕਸ਼ਮੀਰ, ਨਿਜਤਾ ਦਾ ਅਧਿਕਾਰ, ਔਰਤਾਂ ਦੇ ਅਧਿਕਾਰ, ਵਾਤਾਵਰਨ ਦੇ ਪਰਿਵਰਤਨ ਨੂੰ ਕੰਟਰੋਲ ਕਰਨ ਵਿਚ ਅਸਫਲਤਾ ਤੇ ਪ੍ਰਦੂਸ਼ਣ ਵਰਗੇ ਵਿਸ਼ੇ ਸ਼ਾਮਲ ਹਨ।

ਇਸ ਰਿਪੋਰਟ ਮੁਤਾਬਕ ਭਾਰਤ ਹੀ ਨਹੀਂ, ਸਗੋਂ ਪੂਰਾ ਦੱਖਣੀ ਏਸ਼ੀਆ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਗੜ੍ਹ ਬਣ ਚੁੱਕਾ ਹੈ। ਇਸ ਪੂਰੇ ਖਿੱਤੇ ਵਿੱਚ ਸੱਤਾ ਦੇ ਵਿਰੋਧ ਦੀਆਂ ਆਵਾਜ਼ਾਂ ਨੂੰ ਕੁਚਲਿਆ ਜਾ ਰਿਹਾ ਹੈ, ਔਰਤਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ ਅਤੇ ਘੱਟ ਗਿਣਤੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਦੱਖਣੀ ਏਸ਼ੀਆ ਵਿਸ਼ਵ ਆਰਥਿਕ ਗਤੀਵਿਧੀਆਂ ਅਤੇ ਸਿਆਸੀ ਤਾਕਤਾਂ ਦਾ



Of course you weren't spreading rumours - the charge is you were spreading facts!
- R K Laxman (Dec 26, 1962)

ਧੁਰਾ ਬਣ ਰਿਹਾ ਹੈ, ਜਿਸ ਕਾਰਨ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਹੋ ਰਹੀ ਹੈ ਅਤੇ ਦੁਨੀਆ ਦਾ ਧਿਆਨ ਇਸ ਪਾਸੇ ਨਹੀਂ ਜਾ ਰਿਹਾ ਹੈ।

ਕਿਸੇ ਵੀ ਅੰਤਰਰਾਸ਼ਟਰੀ ਜਾਂ ਖੇਤਰੀ ਵਾਰਤਾਲਾਪ ਵਿੱਚ ਮਨੁੱਖੀ ਅਧਿਕਾਰਾ ਕੋਈ ਮੁੱਦਾ ਨਹੀਂ ਉਠਦਾ। ਤਮਾਮ ਖਤਰਿਆਂ ਦੇ ਬਾਵਜੂਦ ਪਿਛਲੇ ਸਾਲ ਅਫਗਾਨਿਸਤਾਨ, ਬੰਗਲਾਦੇਸ਼, ਭਾਰਤ, ਨੇਪਾਲ, ਮਾਲਦੀਵ, ਮਿਆਂਮਾਰ, ਪਾਕਿਸਤਾਨ ਅਤੇ ਸ਼੍ਰੀਲੰਕਾ ਵਿਚ ਸੱਤਾ ਤੋਂ ਦੁਖੀ ਜਨਤਾ ਸੜਕਾਂ ‘ਤੇ ਪ੍ਰਦਰਸ਼ਨ ਕਰਦੀ ਰਹੀ। ਭਾਰਤ, ਅਫਗਾਨਿਸਤਾਨ, ਮਿਆਂਮਾਰ ਅਤੇ ਬੰਗਲਾਦੇਸ਼ ਵਿਚ ਸੱਤਾ ਦੁਆਰਾ ਪ੍ਰੈਸ ਦੀ ਆਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ।

ਭਾਰਤ ਵਿੱਚ ਮਨੁੱਖੀ ਅਧਿਕਾਰ ਕਾਰਕੁਨਾਂ, ਨਿਰਪੱਖ ਪੱਤਰਕਾਰਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਦੇ ਵਿਦੇਸ਼ ਜਾਣ ‘ਤੇ ਪਾਬੰਦੀ ਲਗਾਈ ਜਾਂਦੀ ਹੈ, ਤਾਂ ਜੋ ਮਨੁੱਖੀ ਅਧਿਕਾਰਾਂ ਦੇ ਘਾਣ ਦੀਆਂ ਖ਼ਬਰਾਂ ਵਿਦੇਸ਼ਾਂ ਤੱਕ ਨਾ ਪਹੁੰਚ ਸਕਣ। ਭਾਰਤ ਵਿੱਚ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਨੂੰ ਬਿਨਾਂ ਮੁਕੱਦਮੇ ਚਲਾਏ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦਾ ਇੱਕ ਨਵਾਂ ਰੁਝਾਨ ਸ਼ੁਰੂ ਹੋ ਗਿਆ ਹੈ। ਵਿਰੋਧੀਆਂ ਅਤੇ ਨਿਰਪੱਖ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ‘ਤੇ ਮਨੀ ਲਾਂਡਰਿੰਗ ਦੀ ਜਾਂਚ ਅਚਾਨਕ ਸ਼ੁਰੂ ਹੋ ਜਾਂਦੀ ਹੈ।

ਦੱਖਣੀ ਏਸ਼ੀਆ ਲਈ ਐਮਨੈਸਟੀ ਇੰਟਰਨੈਸ਼ਨਲ ਦੀ ਡਿਪਟੀ ਡਾਇਰੈਕਟਰ, ਦਿਨੁਸ਼ਿਖਾ ਦਿਸਾਨਾਇਕ ਦੇ ਅਨੁਸਾਰ, ਪੂਰੇ ਖੇਤਰ ਵਿੱਚ ਮਨੁੱਖੀ ਅਧਿਕਾਰ ਬੁਰੀ ਤਰ੍ਹਾਂ ਵਹਿਸ਼ੀ ਢੰਗ ਨਾਲ ਸਟੇਟ ਦੁਆਰਾ ਕੁਚਲੇ ਜਾਂਦੇ ਹਨ। “ਹਿਊਮਨ ਰਾਈਟਸ ਵਾਚ ਨੇ ਐਮਨੈਸਟੀ ਇੰਟਰਨੈਸ਼ਨਲ ਤੋਂ ਪਹਿਲਾਂ ਗਲੋਬਲ ਵਿਸ਼ਲੇਸ਼ਣ 2023 ਪ੍ਰਕਾਸ਼ਿਤ ਕੀਤਾ ਸੀ, ਜਿਸ ਵਿੱਚ ਸਾਲ 2022 ਵਿੱਚ ਵਿਸ਼ਵ ਮਨੁੱਖੀ ਅਧਿਕਾਰਾਂ ਦੀ ਸਥਿਤੀ ਦਾ ਮੁਲਾਂਕਣ ਪੇਸ਼ ਕੀਤਾ ਸੀ। ਵਿਸ਼ਵ ਪੱਧਰ ‘ਤੇ ਮਨੁੱਖੀ ਅਧਿਕਾਰਾਂ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਅਫਗਾਨਿਸਤਾਨ ਅਤੇ ਮਿਆਂਮਾਰ ਵਿੱਚ ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਜਿਊਣ ਦੇ ਅਧਿਕਾਰ ਦਾ ਵੀ ਘਾਣ ਕੀਤਾ ਜਾਂਦਾ ਹੈ ਪਰ ਦੁਨੀਆ ਚੁੱਪ ਹੈ। ਚੀਨ ਵਿੱਚ ਲੱਖਾਂ ਉਗਯਾਰ ਅਤੇ ਤੁਰਕੀ ਮੁਸਲਮਾਨਾਂ ਨੂੰ ਗੁਲਾਮ ਵਰਗੀ ਸਥਿਤੀ ਵਿੱਚ ਰੱਖਿਆ ਜਾ ਰਿਹਾ ਹੈ। ਹਿਊਮਨ ਰਾਈਟਸ ਵਾਚ ਦੀ ਮੁਖੀ ਤੀਰਾਨਾ ਹਸਨ ਦੇ ਅਨੁਸਾਰ, ਕੁਝ ਦੇਸ਼ਾਂ ਵਿੱਚ ਜਿੱਥੇ ਲੋਕ ਕਦੇ ਵੀ ਤਾਨਾਸ਼ਾਹ ਸ਼ਕਤੀ ਦੇ ਵਿਰੁੱਧ ਖੜ੍ਹੇ ਨਹੀਂ ਹੁੰਦੇ ਸਨ, ਉੱਥੇ ਵੀ ਵੱਡੇ ਅੰਦੋਲਨ ਅਤੇ ਪ੍ਰਦਰਸ਼ਨ ਹੋ ਰਹੇ ਹਨ ।

ਚੀਨ ਵਿਚ ਹੀ ਜ਼ੀਰੋ-ਕੋਵਿਡ ਦੇ ਨਾਂ ‘ਤੇ ਲਾਈਆਂ ਗਈਆਂ ਸਖਤ ਪਾਬੰਦੀਆਂ ਖਿਲਾਫ ਕਈ ਸ਼ਹਿਰਾਂ ਵਿਚ ਸੜਕਾਂ ‘ਤੇ ਵੱਡੇ ਪ੍ਰਦਰਸ਼ਨ ਕੀਤੇ ਗਏ। ਈਰਾਨ ਵਿਚ 22 ਸਾਲਾ ਮਹਿਸਾ ਅਮੀਨੀ ਦੇ ਪੁਲਸ ਹੱਥੋਂ ਮਾਰੇ ਜਾਣ ਤੋਂ ਬਾਅਦ ਲਗਭਗ ਪੂਰੀ ਆਬਾਦੀ ਸੜਕਾਂ ‘ਤੇ ਆ ਗਈ ਸੀ। ਈਰਾਨ ਵਰਗੇ ਤਾਨਾਸ਼ਾਹ ਦੇਸ਼ ਵਿੱਚ ਇਸ ਅੰਦੋਲਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ, ਪਰ ਇਸ ਅੰਦੋਲਨ ਵਿੱਚ ਔਰਤਾਂ, ਮਰਦ ਅਤੇ ਬੱਚੇ ਵੀ ਸ਼ਾਮਲ ਸਨ, ਖਿਡਾਰੀਆਂ ਅਤੇ ਕਲਾਕਾਰਾਂ ਨੇ ਵੀ ਸਰਗਰਮ ਹਿੱਸਾ ਲਿਆ। ਤੀਰਾਨਾ ਹਸਨ ਅਨੁਸਾਰ ਕੁਝ ਘਟਨਾਵਾਂ ਤੋਂ ਬਾਅਦ ਅੰਦੋਲਨ ਅਤੇ ਪ੍ਰਦਰਸ਼ਨ ਕੀਤੇ ਜਾਂਦੇ ਹਨ, ਪਰ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਅਜਿਹੇ ਅੰਦੋਲਨਾਂ ਨੂੰ ਵਿਸ਼ਵ ਸਹਾਇਤਾ ਦੀ ਲੋੜ ਹੁੰਦੀ ਹੈ। ਪਰ ਦੁਨੀਆਂ ਇਹਨਾਂ ਹਰਕਤਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਅੱਜ ਵੀ ਅਫਗਾਨਿਸਤਾਨ, ਮਿਆਂਮਾਰ, ਫਲਸਤੀਨ ਅਤੇ ਇਥੋਪੀਆ ਵਰਗੇ ਦੇਸ਼ਾਂ ਵਿਚ ਵੱਡੇ ਪੱਧਰ ‘ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਦੇ ਬਾਵਜੂਦ ਕੌਮਾਂਤਰੀ ਭਾਈਚਾਰਾ ਚੁੱਪ-ਚਾਪ ਬੈਠਾ ਤਮਾਸ਼ਾ ਦੇਖ ਰਿਹਾ ਹੈ। ਸਾਲ 2022 ਔਰਤਾਂ ਦੇ ਅਧਿਕਾਰਾਂ ਲਈ ਬਹੁਤ ਮਾੜਾ ਰਿਹਾ ਹੈ। ਅਫਗਾਨਿਸਤਾਨ ਵਿਚ ਔਰਤਾਂ ਤੋਂ ਸਾਰੇ ਅਧਿਕਾਰ ਖੋਹ ਲਏ ਗਏ ਅਤੇ ਅਮਰੀਕਾ ਵਿਚ ਗਰਭਪਾਤ ਸੰਬੰਧੀ ਕਾਨੂੰਨ ਨੂੰ ਰੱਦ ਕਰ ਦਿੱਤਾ ਗਿਆ। ਪਰ, ਦੂਜੇ ਪਾਸੇ, ਮੈਕਸੀਕੋ, ਅਰਜਨਟੀਨਾ ਅਤੇ ਕੋਲੰਬੀਆ ਵਰਗੇ ਕਈ ☞

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜਿਵੇਂ ਪਿਆਜ਼ ਦੀਆਂ ਪਰਤਾਂ ਖੁੱਲ੍ਹਦੀਆਂ, ਉਸੇ ਤਰ੍ਹਾਂ ਸੱਚ ਸਾਹਮਣੇ ਆਵੇਗਾ:ਨਵਜੋਤ ਸਿੰਘ ਸਿੱਧੂ



ਮਾਨਸਾ:-ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਘਰ ਪਹੁੰਚੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਪ੍ਰੈੱਸ ਕਾਨਫਰੰਸ ਕੀਤੀ।ਜਿਸ ਵਿੱਚ ਉਨ੍ਹਾਂ ਨੇ ਕਿਹਾ, "ਮੇਰਾ ਇੱਥੇ ਆਉਣ ਦਾ ਮਕਸਦ ਹੈ ਉਹ ਸਮੁੰਦਰ ਵਾਲਾ ਹੈ, ਕਿਸੇ ਖੂਹ ਜਾਂ ਟੋਭੇ ਵਾਲਾ ਨਹੀਂ। ਸਿੱਧੂ ਨੂੰ ਕਿਸੇ ਪਾਰਟੀ ਜਾਂ ਕਿਸੇ ਸੂਬੇ ਨਾਲ ਨਹੀਂ ਬੰਨਿਆ ਜਾ ਸਕਦਾ, ਉਹ ਇੱਕ ਵਿਲੱਖਣ ਖੁਸ਼ਬੂ ਸੀ, ਜੋ ਸਾਰੇ ਵਿਸ਼ਵ ਵਿੱਚ ਫੈਲੀ ਸੀ। ਉਹ ਕੌਮ ਦੀ ਪ੍ਰੇਰਨਾ ਸੀ, ਨੌਜਵਾਨਾਂ ਦੀ ਪ੍ਰੇਰਨਾ ਸੀ ਅਤੇ ਨੌਜਵਾਨ ਤਾਂ ਅਮਰੀਕਾ-ਕੈਨੇਡਾ ਹਰ ਥਾਂ ਹਨ। ਇਸ ਲਈ ਮੈਂ ਇਸ ਨੂੰ ਕਿਸੇ ਛੋਟੇ ਦਾਇਰੇ 'ਚ ਨਹੀਂ ਦੇਖਣਾ ਚਾਹੁੰਦਾ।''ਜੋ ਮੂਸੇਵਾਲਾ ਨਾਲ ਹੋਇਆ ਉਹ ਇੱਕ ਸਵਾਲ ਖੜਾ ਕਰਦਾ ਹੈ,ਮੈਂ ਪੁੱਛਣਾ ਚਾਹੁੰਦਾ ਕਿ ਸਰਕਾਰਾਂ ਬਚਾਉਣ ਵਾਲੀਆਂ ਹਨ ਜਾਂ ਮਰਵਾਉਣ ਵਾਲੀਆਂ ਹਨ।ਪ੍ਰਸਿੱਧ ਗਲੋਬਲ ਸਟਾਰ ਸਿੱਧੂ ਮੂਸੇਵਾਲਾ ਦੀ ਸੁਰੱਖਿਆ 'ਚ ਕਮੀ ਕਿਉਂ ਕੀਤੀ। ਇਹ ਕੋਈ ਨਿਯਮ ਨਹੀਂ ਕਿ ਕਿਸੇ ਸੁਰੱਖਿਆ ਘਟਾਉ ਅਤੇ ਫਿਰ ਉਸ ਨੂੰ ਜਨਤਕ ਕਰ ਦਿਓ।ਜੋ ਉਸ ਸਿੱਧੂ ਨਾਲ ਹੋਇਆ ਸੀ ਅੱਜ ਓਹੀ ਇਸ ਸਿੱਧੂ ਨਾਲ ਵੀ ਹੋ ਰਿਹਾ ਸੀ। ਪਰ ਮੈਂ ਮੌਤ ਤੋਂ ਨਹੀਂ ਡਰਦਾ।ਕੀ ਗੈਂਗਸਟਰ ਦੀ ਰਾਜਨੀਤਕ ਸਵਾਰਥ ਅਤੇ ਮਨਸੂਬੇ ਪੂਰੇ ਕਰਨ ਲਈ ਵਰਤੋਂ ਹੋ ਰਹੀ ਹੈ।ਮੈਸੇਵਾਲਾ ਦੇ ਕਤਲ ਦਾ ਜਿਵੇਂ ਪਿਆਜ਼ ਦੀਆਂ ਪਰਤਾਂ ਖੁੱਲ੍ਹਦੀਆਂ ਹਨ, ਇਸ ਦਾ ਵੀ ਸੱਚ ਸਾਹਮਣੇ ਆਏਗਾ।ਇਸ ਮੌਕੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਨੇ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ ਮੌਕੇ ਪੰਜਾਬ ਸਰਕਾਰ ਨੇ ਸੂਬੇ ਵਿੱਚ 'ਜੰਗ' ਵਰਗੇ ਹਾਲਾਤ ਬਣਾਏ ਸਨ।ਉਨਾਂ ਨੇ ਕਿਹਾ, "ਅੰਮ੍ਰਿਤਪਾਲ ਸਿੰਘ ਨੂੰ ਬਰਸੀ ਵਾਲੇ ਦਿਨ ਹੀ ਫੜਨ ਲਈ ਆਪ੍ਰੇਸ਼ਨ ਚਲਾਉਣਾ ਜ਼ਰੂਰੀ ਸੀ? ਸਰਕਾਰ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿੱਚ ਖੇਡਾਂ ਖੇਡ ਰਹੀ ਹੈ।"

---

ਦੱਖਣੀ ਅਮਰੀਕੀ ਦੇਸ਼ਾਂ ਵਿੱਚ, ਗਰਭਪਾਤ ਨਾਲ ਸਬੰਧਤ ਕਾਨੂੰਨ ਦਾ ਘੇਰਾ ਵੀ ਵਧਾਇਆ ਗਿਆ ਸੀ।

ਇਸ ਰਿਪੋਰਟ ਵਿੱਚ ਭਾਰਤ ਬਾਰੇ ਦੱਸਿਆ ਗਿਆ ਹੈ ਕਿ ਭਾਜਪਾ ਸਰਕਾਰ ਲਗਾਤਾਰ ਘੱਟ ਗਿਣਤੀਆਂ ਨੂੰ ਕੁਚਲਣ ਦਾ ਕੰਮ ਕਰ ਰਹੀ ਹੈ ਅਤੇ ਇਸ ਦੇ ਸਮਰਥਕ ਬਿਨਾਂ ਕਿਸੇ ਡਰ ਦੇ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਭਾਜਪਾ ਦੇ ਫਿਰਕੂਵਾਦ ਅਤੇ ਹਿੰਦੂ-ਰਾਸ਼ਟਰਵਾਦ ਦਾ ਪ੍ਰਭਾਵ ਹੁਣ ਨਿਆਂ ਪ੍ਰਣਾਲੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਵਿਚ ਸਪੱਸ਼ਟ ਦਿਖਾਈ ਦੇ ਰਿਹਾ ਹੈ। ਨਿਆਂ ਪ੍ਰਣਾਲੀ ਸੱਤਾ ਦੇ ਬੁਲਡੋਜਰ ਹੇਠ ਦਬ ਰਹੀ ਹੈ ਅਤੇ ਜਨਤਾ ਅਤੇ ਮੀਡੀਆ ਘੱਟ ਗਿਣਤੀਆਂ ਦੇ ਘਾਣ ਦੇ ਸਮਰਥਨ ਵਿੱਚ ਖੜੇ ਹਨ। ਪੁਲਿਸ ਅਤੇ ਪ੍ਰਸ਼ਾਸਨ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸੁਤੰਤਰ ਪੱਤਰਕਾਰਾਂ ਦੀ ਆਵਾਜ਼ ਨੂੰ ਕੁਚਲ ਰਹੇ ਹਨ। ਭਾਰਤ ਵਿੱਚ ਪੁਲਿਸ ਰਾਜ ਸਥਾਪਤ ਹੋ ਗਿਆ ਹੈ ਅਤੇ ਉਹ ਜਿਸਨੂੰ ਚਾਹੇ ਕਤਲ ਕਰਨ ਲਈ ਆਜ਼ਾਦ ਹੈ। ਸਾਲ 2022 ਦੇ ਪਹਿਲੇ 9 ਮਹੀਨਿਆਂ ਦੌਰਾਨ ਹੀ ਪੁਲਿਸ ਹਿਰਾਸਤ ਵਿੱਚ 147 ਮੌਤਾਂ, ਨਿਆਂਇਕ ਹਿਰਾਸਤ ਵਿੱਚ 1882 ਮੌਤਾਂ ਅਤੇ ਪੁਲਿਸ ਵੱਲੋਂ ਅਖੌਤੀ ਮੁਕਾਬਲਿਆਂ ਵਿੱਚ 119 ਮੌਤਾਂ ਦਰਜ ਕੀਤੀਆਂ ਗਈਆਂ ਹਨ। ਜੰਮੂ-ਕਸ਼ਮੀਰ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਅੰਦੋਲਨਾਂ ਦੇ ਅਧਿਕਾਰ ਨੂੰ ਦਬਾਉਣ ਲਈ ਵਹਿਸ਼ੀਪੁਣੇ ਦਾ ਪੈਮਾਨਾ ਵੱਧ ਗਿਆ ਹੈ। ਲੰਬੇ ਸਮੇਂ ਤੋਂ ਕਸ਼ਮੀਰੀ ਪੰਡਤਾਂ ਨਾਲ ਖੜ੍ਹਨ ਦਾ ਦਾਅਵਾ ਕਰਨ ਵਾਲੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਨੇ ਇਨ੍ਹਾਂ ਪੰਡਤਾਂ ਦੇ ਕਤਲ ਤੋਂ ਬਾਅਦ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜਨਵਰੀ 2022 ਵਿੱਚ, ਕੁਝ ਭਾਜਪਾ ਸਮਰਥਕ ਪੱਤਰਕਾਰਾਂ ਨੇ ਕਸ਼ਮੀਰ ਪ੍ਰੈੱਸ ਕਲੱਬ 'ਤੇ ਹਮਲਾ ਕੀਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ ਸੀ। ਅਗਸਤ 2019 ਤੋਂ, 35 ਤੋਂ ਵੱਧ ਪੱਤਰਕਾਰਾਂ ਨੂੰ ਪੁਲਿਸ ਦੁਆਰਾ ਹਿੰਸਾ ਜਾਂ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਹੈ ਅਤੇ ਬਹੁਤ ਸਾਰੇ ਜੇਲ੍ਹ ਵਿੱਚ ਹਨ। ਭਾਰਤ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਭਾਰਤ ਸਰਕਾਰ ਨੇ ਕੌਮਾਂਤਰੀ ਪੱਧਰ 'ਤੇ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਨਾਲ ਇਕਮੁੱਠਤਾ ਦਿਖਾਈ ਹੈ। ਸਾਲ 2022 ਵਿਚ ਤਾਨਾਸ਼ਾਹੀ ਸੱਤਾ ਦੇ ਖਿਲਾਫ ਕੁਝ ਆਵਾਜ਼ਾਂ ਉਠੀਆਂ ਸਨ, ਪਰ ਕੀ ਇਸ ਸਾਲ ਵੀ ਅਜਿਹਾ ਹੋਵੇਗਾ ਅਤੇ ਵਿਰੋਧ ਦਾ ਸਿਲਸਿਲਾ ਜਾਰੀ ਰਹੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਭਾਰਤ ਵਰਗੇ ਪਰੰਪਰਾਗਤ ਲੋਕਤੰਤਰ ਦੇਸ ਵਿਚ ਤਾਨਾਸ਼ਾਹੀ ਸੱਤਾ ਦਾ ਵਾਰ-ਵਾਰ ਵਾਪਸ ਆਉਣਾ ਜਮਹੂਰੀਅਤ ਲਈ ਯਕੀਨੀ ਤੌਰ 'ਤੇ ਖ਼ਤਰੇ ਦਾ ਸੰਕੇਤ ਹੈ।

# ਭਾਜਪਾ 2024 ਦੀਆਂ ਚੋਣਾਂ ਦੇ ਨਾਲ ਹੀ ਫਿਰਕੂ ਹਿੰਸਾ ਭੜਕਾਉਣ ਦੀ ਯੋਜਨਾ ਬਣਾ ਰਹੀ ਹੈ:ਕਪਿਲ ਸਿਬਲ

ਦਿੱਲੀ-ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਦੋਸ਼ ਲਾਇਆ ਕਿ ਜਿਵੇਂ-ਜਿਵੇਂ ਅਸੀਂ 2024 ਦੇ ਨੇੜੇ ਆ ਰਹੇ ਹਾਂ, ਭਾਜਪਾ ਫਿਰਕੂ ਹਿੰਸਾ, ਨਫ਼ਰਤ ਭਰੇ ਭਾਸ਼ਣ, ਘੱਟ ਗਿਣਤੀਆਂ ਨੂੰ ਪ੍ਰੇਸ਼ਾਨ ਕਰਨ, ਈਡੀ, ਸੀਬੀਆਈ, ਚੋਣ ਕਮਿਸ਼ਨ ਦੀ ਵਰਤੋਂ ਕਰਕੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣ ਵਰਗੀਆਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ।ਪੱਛਮੀ ਬੰਗਾਲ ਦੇ ਹਾਵੜਾ ਜ਼ਿਲੇ 'ਚ ਰਾਮ ਨੌਮੀ ਤਿਉਹਾਰ ਦੌਰਾਨ ਦੋ ਗੁੱਟਾਂ 'ਚ ਝੜਪ ਤੋਂ ਬਾਅਦ ਹਿੰਸਾ ਅਤੇ ਅੱਗਜ਼ਨੀ ਦੀਆਂ ਖਬਰਾਂ ਆਈਆਂ ਹਨ। ਭਾਜਪਾ ਅਤੇ ਟੀਐਮਸੀ ਵਿਚਾਲੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦਾ ਦੌਰ ਚੱਲ ਰਿਹਾ ਹੈ।ਉਨ੍ਹਾਂ ਨੇ ਇੱਕ ਟਵੀਟ ਵਿੱਚ ਕਿਹਾ, 'ਜਿਵੇਂ ਕਿ ਅਸੀਂ 2024 ਦੇ ਨੇੜੇ ਆ ਰਹੇ ਹਾਂ, ਭਾਜਪਾ ਇਨ੍ਹਾਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ, 1. ਫਿਰਕੂ ਹਿੰਸਾ, 2. ਨਫ਼ਰਤ ਭਰਿਆ ਭਾਸ਼ਣ, 3. ਘੱਟ ਗਿਣਤੀਆਂ ਨੂੰ ਪਰੇਸ਼ਾਨ ਕਰਨਾ, 4. ਈਡੀ, ਸੀਬੀਆਈ, ਚੋਣ ਕਮਿਸ਼ਨ ਦੀ ਵਰਤੋਂ ਕਰਕੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣਾ।ਉਨ੍ਹਾਂ ਅੱਗੇ ਕਿਹਾ, 'ਪੱਛਮੀ ਬੰਗਾਲ, ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ 'ਚ ਹਿੰਸਾ ਦੀਆਂ ਘਟਨਾਵਾਂ ਇਸ ਦਾ 'ਟ੍ਰੇਲਰ' ਹਨ।

# ਭਾਜਪਾ ਸਰਕਾਰ ਬਣੀ ਤਾਂ ਦੰਗਾਈਆਂ ਨੂੰ ਪੁੱਠੇ ਟੰਗਾਂਗੇ:ਸ਼ਾਹ



ਹਿਸੂਆ(ਬਿਹਾਰ):ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਸਾਰਾਮ ਤੇ ਬਿਹਾਰ ਸ਼ਰੀਫ਼ ਕਸਬਿਆਂ ਵਿੱਚ ਫਿਰਕੂ ਹਿੰਸਾ ਰੋਕਣ ਵਿੱਚ ਨਾਕਾਮ ਰਹੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਮਹਾਗਠਬੰਧਨ ਸਰਕਾਰ ਨੂੰ ਅੱਜ ਲੰਮੇ ਹੱਥੀਂ ਲੈਂਦਿਆਂ ਆਖਿਆ ਕਿ ਜੇਕਰ 2025 ਵਿੱਚ ਸੂਬੇ 'ਚ ਭਾਜਪਾ ਦੀ ਸਰਕਾਰ ਬਣੀ ਤਾਂ ਇਨ੍ਹਾਂ ਦੰਗਾਈਆਂ ਨੂੰ ਪੁੱਠੇ ਟੰਗਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਅਗਲੀਆਂ ਅਸੈਂਬਲੀ ਚੋਣਾਂ ਵਿੱਚ 'ਮਹਾਗੱਠਬੰਧਨ' ਨੂੰ ਸੱਤਾ ਤੋਂ ਲਾਂਭੇ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਬਿਹਾਰ ਦੀ ਮੌਜੂਦਾ ਸਰਕਾਰ 'ਬੈਡ' ਸੀ, ਜਿਸ ਦੇ ਕਿਰਦਾਰ ਨੂੰ 'ਭ੍ਰਿਸ਼ਟਾਚਾਰ, ਅਰਾਜਕਤਾ ਤੇ ਦਮਨ ਦੇ ਰੂਪ ਵਿਚ ਬਿਆਨਿਆ ਜਾ ਸਕਦਾ ਹੈ। ਉਨ੍ਹਾਂ ਫਿਰਕੂ ਹਿੰਸਾ ਲਈ ਨਿਤੀਸ਼ ਕੁਮਾਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ।ਦੂਜੇ ਪਾਸੇ ਆਰਜੇਡੀ ਨੇ ਕਿਹਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੂਬੇ ਦੀ ਨਹੀਂ ਬਲਕਿ 40 ਲੋਕ ਸਭਾ ਸੀਟਾਂ ਦਾ ਫਿਕਰ ਹੈ। ਇਸ ਮਾਮਲੇ ਵਿਚ ਹੁਣ ਸੱਤਾਧਿਰ ਤੇ ਵਿਰੋਧੀ ਧਿਰ ਵਿਚ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਲਾਰੈਂਸ ਬਿਸ਼ਨੋਈ ਗੈਂਗ ਨੇ ਐਮ ਪੀ. ਸੰਜੇ ਰਾਊਤ ਨੂੰ ਦਿੱਤੀ ਧਮਕੀ, ਕਿਹਾ:ਸਿੱਧੂ ਮੂਸੇਵਾਲਾ ਵਰਗਾ ਹੋਵੇਗਾ ਅੰਜ਼ਾਮ

ਮੁੰਬਈ:ਸ਼ਿਵ ਸੈਨਾ (ਊਧਵ ਠਾਕਰੇ ਧੜੇ) ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੂੰ ਧਮਕੀ ਮਿਲੀ ਹੈ।ਮਹਾਰਾਸ਼ਟਰ ਪੁਲਿਸ ਨੇ ਕਿਹਾ ਕਿ ਰਾਜ ਸਭਾ ਮੈਂਬਰ ਸੰਜੇ ਰਾਉਤ ਨੂੰ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਧਮਕੀ ਭਰਿਆ ਸੁਨੇਹਾ ਮਿਲਿਆ ਹੈ,ਜਿਸ ਵਿੱਚ ਉਸ ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵਾਂਗ ਮਾਰ ਦੇਣ ਲਈ



ਕਿਹਾ ਗਿਆ ਹੈ।ਮਹਾਰਾਸ਼ਟਰ ਪੁਲਿਸ ਨੇ ਦੱਸਿਆ ਕਿ ਊਧਵ ਠਾਕਰੇ ਧੜੇ ਦੇ ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।ਇਸ ਦੇ ਨਾਲ ਹੀ ਊਧਵ ਠਾਕਰੇ ਧੜੇ ਦੇ ਨੇਤਾ ਸੰਜੇ ਰਾਊਤ ਨੇ ਵੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੇਰੇ ਨਾਲ ਅਜਿਹਾ ਪਹਿਲੀ ਵਾਰ ਨਹੀਂ ਹੋਇਆ ਹੈ। ਇਸ ਸਰਕਾਰ ਦੇ ਆਉਣ ਤੋਂ ਬਾਅਦ ਸਾਡੀ ਸੁਰੱਖਿਆ ਘਟਾ ਦਿੱਤੀ ਗਈ, ਪਰ ਅਸੀਂ ਇਸ ਬਾਰੇ ਜ਼ਿਆਦਾ ਨਹੀਂ ਬੋਲੇ। ਮੁੱਖ ਮੰਤਰੀ ਦਾ ਬੇਟਾ ਗੁੰਡੇ ਨਾਲ ਮੇਰੇ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚਦਾ ਹੈ, ਜਦੋਂ ਮੈਂ ਇਸ ਬਾਰੇ ਚਿੱਠੀ ਲਿਖਦਾ ਹਾਂ ਤਾਂ ਕਿਹਾ ਜਾਂਦਾ ਹੈ ਕਿ ਇਹ ਸਟੰਟ ਹੈ।ਸੱਚ ਬੋਲਣ ਲਈ ਆਏ ਤਾਂ ਭੂਚਾਲ ਆ ਜਾਵੇਗਾ।ਉਨ੍ਹਾਂ ਕਿਹਾ ਕਿ ਮੈਂ ਨਹੀਂ ਡਰਾਂਗਾ। ਸੰਜੇ ਰਾਊਤ ਨੂੰ ਲਾਰੇਂਸ ਬਿਸ਼ਨੋਈ ਗੈਂਗ ਦੇ ਨਾਮ 'ਤੇ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ।ਪਾਰਟੀ ਮੁਤਾਬਕ ਸੰਜੇ ਰਾਊਤ ਨੂੰ ਉਨ੍ਹਾਂ ਦੇ ਮੋਬਾਈਲ 'ਤੇ ਇਕ ਵਟਸਐਪ ਸੰਦੇਸ਼ ਮਿਲਿਆ, ਜਿਸ 'ਚ ਉਨ੍ਹਾਂ ਨੂੰ ਧਮਕੀ ਦਿੱਤੀ ਗਈ ਹੈ। ਸੰਦੇਸ਼ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜਦੋਂ ਵੀ ਸੰਜੇ ਰਾਊਤ ਨੂੰ ਨਵੀਂ ਦਿੱਲੀ ਵਿੱਚ ਦੇਖਿਆ ਜਾਵੇਗਾ ਤਾਂ ਉਸ ਨੂੰ ਏਕੇ-47 ਰਾਈਫਲ ਨਾਲ ਗੋਲੀ ਮਾਰ ਦਿੱਤੀ ਜਾਵੇਗੀ।

# ਆਪ' ਨੇ ਸ਼ੁਰੂ ਕੀਤੀ 'ਪੀਐੱਮ ਹਟਾਓ ਦੇਸ਼ ਬਚਾਓ' ਪੋਸਟਰ ਮੁਹਿੰਮ

ਨਵੀਂ ਦਿੱਲੀ:ਆਮ ਆਦਮੀ ਪਾਰਟੀ (ਆਪ) ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ 11 ਭਾਸ਼ਾਵਾਂ ਵਿੱਚ 'ਪ੍ਰਧਾਨ ਮੰਤਰੀ ਹਟਾਓ, ਦੇਸ਼ ਬਚਾਓ' ਪੋਸਟਰ ਨਾਅਰੇ ਨਾਲ ਦੇਸ਼ ਵਿਆਪੀ ਲਾਂਚ ਕੀਤਾ ਹੈ।ਇਸ ਤੋਂ ਪਹਿਲਾਂ 'ਆਪ' ਵਰਕਰਾਂ ਨੇ ਪੂਰੇ ਭਾਰਤ ਦੀ ਰਾਜਧਾਨੀ 'ਚ 'ਮੋਦੀ ਹਟਾਓ, ਦੇਸ਼ ਬਚਾਓ' ਦੇ ਪੋਸਟਰ ਲਗਾਏ ਸਨ।ਮਾਮਲੇ ਦਾ ਨੋਟਿਸ ਲੈਂਦਿਆਂ ਪੁਲਿਸ ਨੇ 49 ਐਫਆਈਆਰ ਦਰਜ ਕੀਤੀਆਂ ਸਨ ਅਤੇ ਦੋ ਪ੍ਰਿੰਟਿੰਗ ਪ੍ਰੈਸ ਫਰਮਾਂ ਦੇ ਮਾਲਕਾਂ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਪਾਰਟੀ ਦੀਆਂ ਸਾਰੀਆਂ ਸੂਬਾ ਇਕਾਈਆਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਪੋਸਟਰ ਚਿਪਕਾਉਣ ਲਈ ਕਿਹਾ ਗਿਆ ਹੈ।ਰਾਏ ਨੇ ਅੱਗੇ ਕਿਹਾ, "ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਪੋਸਟਰ ਇਤਰਾਜ਼ਯੋਗ ਹੈ? ਜੇਕਰ ਪ੍ਰਧਾਨ ਮੰਤਰੀ ਲੋਕਾਂ ਦੀਆਂ ਅਕਾਂਖਿਆਵਾਂ ਨੂੰ ਪੂਰਾ ਕਰਨ 'ਚ ਨਾਕਾਮ ਰਹੇ ਹਨ ਤਾਂ ਉਹ ਦੇਸ਼ ਦੇ ਸੰਵਿਧਾਨ 'ਤੇ ਹਮਲਾ ਕਰ ਰਹੇ ਹਨ।''ਗ੍ਰਿਫ਼ਤਾਰੀਆਂ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਜ਼ਾਦੀ ਅੰਦੋਲਨ ਦੌਰਾਨ ਉਨ੍ਹਾਂ ਖ਼ਿਲਾਫ਼ ਪੋਸਟਰ ਲਾਉਣ ਵਾਲਿਆਂ ਨੂੰ ਵੀ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਨਹੀਂ ਕੀਤਾ। ਉਸਨੇ ਕਿਹਾ, "ਆਜ਼ਾਦੀ ਤੋਂ ਪਹਿਲਾਂ ਵੀ, ਜਦੋਂ ਆਜ਼ਾਦੀ ਘੁਲਾਟੀਆਂ ਨੇ ਪੋਸਟਰ ਲਗਾਏ ਸਨ, ਤਾਂ ਅੰਗਰੇਜ਼ਾਂ ਦੁਆਰਾ ਉਨ੍ਹਾਂ ਵਿਰੁੱਧ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਕਾਰਵਾਈ ਕੀਤੀ ਗਈ। ਭਗਤ ਸਿੰਘ ਨੇ ਅੰਗਰੇਜ਼ਾਂ ਦੇ ਰਾਜ ਦੌਰਾਨ ਬਹੁਤ ਸਾਰੇ ਪੋਸਟਰ ਚਿਪਕਾਏ ਸਨ, ਉਨ੍ਹਾਂ ਵਿਰੁੱਧ ਇਕ ਵੀ ਐਫਆਈਆਰ ਦਰਜ ਨਹੀਂ ਕੀਤੀ ਗਈ ਸੀ।

(ਮੁੱਖ ਪੰਨੇ ਦੀ ਬਾਕੀ )

# ਸਰੀ ਕੀਮੋਥੈਰੇਪੀ ਸੂਟ ਦੇ ਵਿਸਥਾਰ ਲਈ 2,60,000....

ਖੋਜ ਲਈ ਜਾਗਰੂਕਤਾ ਫੈਲਾਉਣ ਲਈ ਜੂਨ 2022 ਵਿੱਚ ਆਪਣੀ ਯਾਤਰਾ ਸ਼ੁਰੂ ਕੀਤੀ ਅਤੇ ਬੀਸੀ ਕੈਂਸਰ ਫਾਊਂਡੇਸ਼ਨ ਲਈ $50,000 ਤੋਂ ਵੱਧ ਇਕੱਠੇ ਕੀਤੇ।ਸਤੰਬਰ 2022 ਵਿੱਚ, ਮਨਜੀਤ ਨੇ ਸਰੀ ਦੇ ਕੀਮੋ ਸੂਟ ਦੇ ਵਿਸਤਾਰ ਲਈ $100,000 ਤੱਕ ਦਾਨ ਦੇਣ ਦਾ ਵਾਅਦਾ ਕੀਤਾ-ਜੋ ਹੁਣ ਦੱਖਣੀ ਏਸ਼ੀਆਈ ਵਪਾਰਕ ਭਾਈਚਾਰੇ ਵਿੱਚ ਉਸਦੇ ਸਾਥੀਆਂ ਦੇ ਸਹਿਯੋਗ ਨਾਲ ਪ੍ਰਾਪਤ ਕੀਤਾ ਗਿਆ ਹੈ।ਗਰੁੱਪ ਦੇ ਮੈਂਬਰਾਂ ਵਿੱਚ ਸ਼ਾਮਲ ਸਨ: ਅਵਤਾਰ ਵਿਰਦੀ, ਜੇ ਮਿਨਹਾਸ (ਐਲੀਗੈਂਟ ਡਿਵੈਲਪਮੈਂਟ), ਇੰਦਰਜੀਤ ਬੈਂਸ (ਡਿਵਾਈਨ ਫਿਲਮ ਸਟੂਡੀਓ), ਰੂਬੀ ਔਲਖ, ਗੁਰਵਿੰਦਰ ਸਿੰਘ ਅਤੇ ਅਮਨ ਬੈਂਸ। ਗਰੁੱਪ ਦੇ ਹਰੇਕ ਮੈਂਬਰ ਦਾ ਕੈਂਸਰ ਨਾਲ ਨਿੱਜੀ ਸਬੰਧ ਹੈ ਅਤੇ ਉਹਨਾਂ ਨੂੰ ਆਪਣੇ ਭਾਈਚਾਰੇ ਵਿੱਚ ਇੱਕ ਫਰਕ ਲਿਆਉਣ ਲਈ ਇਸ ਕਾਰਨ ਦਾ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ।ਬੀ ਸੀ ਕੈਂਸਰ ਫਾਊਂਡੇਸ਼ਨ ਦੀ ਕ੍ਰਿਸਟੀਨਾ ਲੇਬਡ ਕਹਿੰਦੀ ਹੈ, "ਅਸੀਂ ਮਨਜੀਤ ਅਤੇ ਉਸਦੇ ਸਾਥੀਆਂ ਦੇ ਯਤਨਾਂ ਅਤੇ ਉਦਾਰਤਾ ਲਈ ਅਥਾਹ ਸ਼ੁਕਰਗੁਜ਼ਾਰ ਹਾਂ। ਫਰੇਜ਼ਰ ਖੇਤਰ ਲਈ ਕਾਰਜਕਾਰੀ ਨਿਰਦੇਸ਼ਕ. "ਫ੍ਰੇਜ਼ਰ ਖੇਤਰ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਵਧ ਰਹੀ ਆਬਾਦੀ ਦਾ ਮਤਲਬ ਹੈ ਇਲਾਜ ਦੀ ਮੰਗ ਵਿੱਚ ਵਾਧਾ। ਸਾਡੇ ਭਾਈਚਾਰੇ ਦਾ ਸਮਰਥਨ ਬਹੁਤ ਜ਼ਰੂਰੀ ਹੈ । "ਅਸੀਂ ਆਪਣੇ ਭਾਈਚਾਰਿਆਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ। ਇਸ ਮੌਕੇ ਸ੍ਰੀ ਮਨਜੀਤ ਲਿਟ ਨੇ ਕਿਹਾ ਕਿ ਅਸੀਂ ਫਰੇਜ਼ਰ ਖੇਤਰ ਵਿੱਚ ਜੀਵਨ-ਰੱਖਿਅਕ ਉਪਕਰਣ ਲਿਆਉਣ ਵਿੱਚ ਬੀਸੀ ਕੈਂਸਰ ਫਾਊਂਡੇਸ਼ਨ ਦਾ ਸਮਰਥਨ ਕਰਕੇ, ਅਸੀਂ ਉਸ ਵਾਅਦੇ ਨੂੰ ਪੂਰਾ ਕਰਨ ਅਤੇ ਸਥਾਨਕ ਮਰੀਜ਼ਾਂ ਅਤੇ ਪਰਿਵਾਰਾਂ ਲਈ ਕੈਂਸਰ ਦੇਖਭਾਲ ਨੂੰ ਵਧਾਉਣ ਲਈ ਕੰਮ ਕਰ ਰਹੇ ਹਾਂ। ਬੀ ਸੀ ਕੈਂਸਰ - ਸਰੀ ਵਿਖੇ ਵਿਸਤ੍ਰਿਤ ਕੀਮੋਥੈਰੇਪੀ ਸੂਟ ਪ੍ਰਤੀ ਮਹੀਨਾ 700-900 ਇਨਫਿਊਜ਼ਨ ਦੁਆਰਾ ਇਲਾਜ ਪ੍ਰਦਾਨ ਕਰਨ ਦੀ ਕੇਂਦਰ ਦੀ ਸਮਰੱਥਾ ਨੂੰ ਵਧਾਏਗਾ, ਫਰੇਜ਼ਰ ਖੇਤਰ ਦੇ ਮਰੀਜ਼ਾਂ ਲਈ ਉਡੀਕ ਸਮੇਂ ਨੂੰ ਮਹੱਤਵਪੂਰਨ ਤੌਰ 'ਤੇ ਘਟਾ ਦੇਵੇਗਾ। ਗਰੁੱਪ ਦੀਆਂ ਫੋਟੋਆਂ ਇੱਥੇ ਉਪਲਬਧ ਹਨ। ਬੀ ਸੀ ਕੈਂਸਰ ਫਾਊਂਡੇਸ਼ਨ ਇਸ ਸਮੇਂ ਸਰੀ ਲਈ ਯੋਜਨਾਬੱਧ ਨਵੇਂ ਬੀ ਸੀ ਕੈਂਸਰ ਸੈਂਟਰ ਨੂੰ ਲੈਸ ਕਰਨ ਲਈ ਫੰਡ ਇਕੱਠਾ ਕਰ ਰਹੀ ਹੈ। ਬੀ.ਸੀ. ਵਿੱਚ ਕੈਂਸਰ ਦੇ ਤਿੰਨ ਵਿੱਚੋਂ ਇੱਕ ਕੇਸ 2027 ਤੱਕ ਫਰੇਜ਼ਰ ਖੇਤਰ ਤੋਂ ਆਉਣ ਦੀ ਉਮੀਦ ਹੈ ਅਤੇ ਨਵਾਂ ਕੇਂਦਰ ਇਸ ਵਧਦੀ ਮੰਗ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਪ੍ਰਦਾਨ ਕਰੇਗਾ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਿੱਖ ਕੌਮ ਦੇ ਇਤਿਹਾਸ ਵਿਚ ਕਿਸੇ ਵੀ ਸਿੱਖ ਨਾਇਕ, ਜਰਨੈਲ ਜਾਂ ਸਿੱਖ ਨੇ ਕਦੀ ਵੀ ਜ਼ਬਰ ਜਾਂ ਜਾਬਰ ਹੁਕਮਰਾਨਾਂ ਅੱਗੇ 'ਆਤਮ-ਸਮਰਪਣ' ਨਹੀ ਕੀਤਾ:ਮਾਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ): "ਸਿੱਖ ਕੌਮ ਦਾ ਇਤਿਹਾਸ ਜਿਥੇ ਮਨੁੱਖਤਾ ਤੇ ਇਨਸਾਨੀਅਤ ਪੱਖੀ ਉਦਮਾਂ ਲਈ ਕੁਰਬਾਨੀਆਂ ਅਤੇ ਸ਼ਹਾਦਤਾਂ ਨਾਲ ਭਰਪੂਰ ਹੈ, ਉਥੇ ਹਰ ਦੀਨ ਦੁੱਖੀ, ਲੋੜਵੰਦ, ਯਤੀਮਾਂ, ਵਿਧਵਾਵਾਂ, ਬੇਸਹਾਰਿਆ ਅਤੇ ਮਜਲੂਮਾਂ ਦੀ ਬਿਨ੍ਹਾਂ ਕਿਸੇ ਤਰ੍ਹਾਂ ਦੇ ਭੇਦਭਾਵ ਤੋ ਨਿਰਸਵਾਰਥ ਸੋਚ ਅਧੀਨ ਮਦਦ ਕਰਨ ਨਾਲ ਵੀ ਭਰਿਆ ਹੋਇਆ ਹੈ।ਜਦੋ ਮੈਦਾਨ-ਏ-ਜੰਗ ਵਿਚ ਸਿੱਖ ਲੜਦਾ ਹੈ, ਤਾਂ ਕਦੀ ਵੀ ਕਿਸੇ ਵੀ ਸਿੱਖ ਨੇ ਦੁਸਮਣ ਤੇ ਜਾਬਰ ਤਾਕਤਾਂ ਅੱਗੇ ਨਾ ਤਾਂ ਈਨ ਮੰਨੀ ਹੈ ਅਤੇ ਨਾ ਹੀ ਕਦੀ ਕਾਇਰਤਾ ਅਤੇ ਗੋਡੇ ਟੇਕਣ ਦੇ ਪ੍ਰਤੀਕ ਵਾਲਾ 'ਆਤਮ ਸਮਰਪਣ' ਦੀ ਕਾਰਵਾਈ ਕੀਤੀ ਹੈ, ਬਲਕਿ ਜਾਂ ਤਾਂ ਦੁਸ਼ਮਣ ਦੇ ਦ੍ਰਿੜਤਾ ਤੇ ਨਿਡਰਤਾ ਨਾਲ ਆਹੂ ਲਾਹੁੰਦੇ ਹੋਏ ਫਤਹਿ ਪ੍ਰਾਪਤ ਕੀਤੀ ਹੈ ਜਾਂ ਫਿਰ ਲੜਦੇ ਹੋਏ ਮਰਦਾਂ ਦੀ ਤਰ੍ਹਾਂ ਸ਼ਹਾਦਤਾਂ ਦਿੱਤੀਆ ਹਨ।ਇਸ ਲਈ ਮੌਜੂਦਾ ਸ਼ਾਜਸੀ ਢੰਗ ਨਾਲ ਸੈਂਟਰ ਅਤੇ ਪੰਜਾਬ ਦੀਆਂ ਦੋਵੇ ਸਰਕਾਰਾਂ ਅਤੇ ਮੁਤੱਸਵੀ ਹਿੰਦੂਤਵ ਹੁਕਮਰਾਨਾਂ ਨੇ ਪੰਜਾਬ ਦੇ ਅਮਨਮਈ ਮਾਹੌਲ ਨੂੰ ਜਾਣਬੁੱਝ ਕੇ ਹਊਏ ਦੀ ਤਰ੍ਹਾਂ ਪੇਸ਼ ਕਰਕੇ, ਸਿੱਖ ਕੌਮ ਉਤੇ ਜ਼ਬਰ ਜੁਲਮ ਢਾਹੁਣ ਅਤੇ ਉਨ੍ਹਾਂ ਉਤੇ ਐਨ.ਐਸ.ਏ, ਟਾਡਾ ਵਰਗੇ ਕਾਲੇ ਕਾਨੂੰਨ ਲਾਗੂ ਕਰਕੇ, ਸੂਬੇ ਦੀਆਂ ਬਾਹਰਲੀਆਂ ਜੇਲ੍ਹਾਂ ਤੇ ਤਸ਼ੱਦਦ ਕੇਦਰਾਂ ਵਿਚ ਭੇਜਣ ਦੇ ਅਣਮਨੁੱਖੀ ਅਮਲ ਕੀਤੇ ਹਨ ਅਤੇ ਸਿੱਖ ਕੌਮ ਤੇ ਪੰਜਾਬੀਆਂ ਵਿਚ ਦਹਿਸਤ ਪਾਉਣ ਦੇ ਮਨਸੂਬੇ ਘੜਦੇ ਹੋਏ ਸਮੁੱਚੇ ਇੰਡੀਆ ਤੇ ਬਾਹਰਲੇ ਮੁਲਕਾਂ ਵਿਚ ਸਿੱਖ ਕੌਮ ਦੇ ਅਤਿ ਸਤਿਕਾਰਿਤ ਸਰਬੱਤ ਦੇ ਭਲੇ ਵਾਲੇ ਅਕਸ ਨੂੰ ਦਾਗੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਸਿੱਖ ਕੌਮ ਦੀ ਸਮੁੱਚੀ ਲੀਡਰਸ਼ਿਪ ਅਤੇ ਸਮੁੱਚੀ ਸਿੱਖ ਕੌਮ ਨੂੰ ਆਪਣੇ ਇਤਿਹਾਸਿਕ ਵਿਰਸੇ-ਵਿਰਾਸਤ ਉਤੇ ਪਹਿਰਾ ਦਿੰਦੇ ਹੋਏ ਦੁਸ਼ਮਣ ਤਾਕਤਾਂ ਦੇ ਮਨਸੂਬਿਆ ਨੂੰ ਅਸਫਲ ਬਣਾਉਣ ਲਈ ਇਕਤਾਕਤ ਹੋ ਕੇ ਕੰਧ ਬਣਕੇ ਜਿਥੇ ਖੜ ਜਾਣਾ ਚਾਹੀਦਾ ਹੈ, ਉਥੇ ਕਦੀ ਵੀ ਸਿੱਖ ਕੌਮ ਵਿਚੋਂ ਕਿਸੇ ਤਰ੍ਹਾਂ ਦੀ ਵੀ 'ਆਤਮ ਸਮਰਪਣ' ਕਰਨ ਦੀ ਆਵਾਜ ਉਠਾਕੇ ਆਪਣੇ ਮਹਾਨ ਫਖ਼ਰ ਵਾਲੇ ਇਤਿਹਾਸ ਤੋਂ ਮੂੰਹ ਨਹੀ ਮੋੜਨਾ ਚਾਹੀਦਾ ਅਤੇ ਨਾ ਹੀ ਸਿੱਖ ਨੌਜਵਾਨ ਆਗੂ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਤਮ ਸਮਰਪਣ ਕਰਨ ਦੀ ਖਾਲਸਾ ਪੰਥ ਵਿਰੋਧੀ ਸਲਾਹ ਜਾਂ ਮਸਵਰਾਂ ਦੇਣਾ ਚਾਹੀਦਾ ਹੈ। ਕਿਉਂਕਿ ਸਿੱਖ ਇਤਿਹਾਸ ਅਤੇ ਸਿੱਖ ਮਹਾਨ ਰਵਾਇਤਾ ਸਾਨੂੰ ਅਜਿਹੇ ਅਮਲ ਕਰਨ ਦੀ ਇਜਾਜਤ ਨਹੀ ਦਿੰਦੀਆ ਜੋ ਭਾਈ ਅੰਮ੍ਰਿਤਪਾਲ ਸਿੰਘ ਨੇ ਵੀਡੀਓ ਰਾਹੀ ਜਨਤਕ ਤੌਰ ਤੇ ਕਿਸੇ ਤਰ੍ਹਾਂ ਦਾ ਸਮਰਪਣ ਕਰਨ ਤੋ ਪੂਰਨ ਰੂਪ ਵਿਚ ਨਾਂਹ ਕਰਦੇ ਹੋਏ, ਹਕੂਮਤੀ ਸਾਜਿਸਾਂ ਅਤੇ ਪ੍ਰਚਾਰ ਸੰਬੰਧੀ ਕਹਿੰਦੇ ਹੋਏ ਸਿੱਖ ਕੌਮ ਨੂੰ ਸੁਚੇਤ ਕੀਤਾ ਹੈ, ਉਹ ਕੌਮੀ ਲੀਹਾਂ ਉਤੇ ਸਲਾਘਾਯੋਗ ਉਦਮ ਹੈ ਕਿ ਅਸੀ ਕਦੀ ਵੀ ਸਿੱਖ ਕੌਮ ਤੇ ਪੰਜਾਬੀਆਂ ਦੇ ਕਾਤਲਾਂ ਅਤੇ ਪੰਜਾਬ ਸੂਬੇ ਤੇ ਸਿੱਖਾਂ ਵਿਰੁੱਧ ਸਾਜਿਸਾਂ ਰਚਣ ਵਾਲਿਆਂ ਨੂੰ ਆਤਮ ਸਮਰਪਣ ਨਾ ਕੀਤਾ ਹੈ ਨਾ ਹੀ ਕਰਾਂਗੇ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੌਮੀ ਇਤਿਹਾਸ ਦੇ ਫਖ਼ਰ ਵਾਲੇ ਪੰਨਿਆ ਅਤੇ ਉੱਦਮਾਂ ਦੀ ਗੱਲ ਕਰਦੇ ਹੋਏ ਅਤੇ ਇਤਿਹਾਸ ਦੇ ਕਿਸੇ ਵੀ ਪੰਨੇ ਵਿਚ ਕਿਸੇ ਸਿੱਖ ਵੱਲੋ ਅੱਜ ਤੱਕ ਆਤਮ ਸਮਰਪਣ ਨਾ ਹੋਣ ਦੀ ਗੱਲ ਨੂੰ ਉਜਾਗਰ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਵੱਲੋ ਕੌਮੀ ਲੀਹਾਂ ਉਤੇ ਪਹਿਰਾ ਦੇਣ ਤੇ ਸਮੁੱਚੀ ਸਿੱਖ ਕੌਮ ਨੂੰ ਆਪਣੀ ਮੰਜਿਲ ਉਤੇ ਕੇਦਰਿਤ ਰਹਿਣ ਅਤੇ ਅਗਲੀ ਰਣਨੀਤੀ ਘੜਨ ਸੰਬੰਧੀ ਦਿੱਤੀਆ ਵਿਚਾਰਾਂ ਨੂੰ ਸਹੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜਦੋ ਹੁਕਮਰਾਨ ਮੁਕਾਰਤਾ ਭਰੀ ਸੋਚ ਨਾਲ ਪੰਜਾਬੀਆਂ ਤੇ ਸਿੱਖ ਕੌਮ ਨੂੰ ਨਿਸ਼ਾਨਾਂ ਬਣਾਉਦੇ ਹੋਏ ਜ਼ਬਰ ਜੁਲਮ ਢਾਹੁਣ ਦੇ ਮਨਸੂਬਿਆ ਉਤੇ ਅਮਲ ਕਰਦਾ ਨਜਰ ਆ ਰਿਹਾ ਹੈ, ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹੀ ਢੰਗ ਜਾਂ ਸੋਚ ਨਾਲ ਗ੍ਰਿਫਤਾਰ ਕਰਨ ਦੀ ਬਜਾਇ ਜਾਣਬੁੱਝ ਕੇ ਹਿੰਦੂ ਬਹੁਗਿਣਤੀ ਵਿਚ, ਅਜਨਾਲਾ ਦੀ 107/51 ਦੇ ਛੋਟੇ ਜਿਹੇ ਮਾਮੂਲੀ ਕਾਰਵਾਈ ਨੂੰ ਦੇਸ਼ਧ੍ਰੋਹੀ, ਬ਼ਗਾਵਤ ਗਰਦਾਨਕੇ, ਐਨ.ਐਸ.ਏ ਵਰਗੇ ਜਾਲਮ ਕਾਨੂੰਨਾਂ ਅਧੀਨ ਬਦਨਾਮ ਕਰਨ ਅਤੇ ਜ਼ਬਰ ਢਾਹੁਣ ਦਹਿਸਤ ਪਾਉਣ ਦੀ ਗੱਲ ਕਰ ਰਿਹਾ ਹੈ ਤਾਂ ਪੰਜਾਬੀਆਂ ਤੇ ਸਿੱਖ ਕੌਮ ਨੂੰ ਚਾਹੀਦਾ ਹੈ ਕਿ ਉਹ ਇਸ ਗੈਰ ਕਾਨੂੰਨੀ ਅਤੇ ਗੈਰ ਸਮਾਜਿਕ ਹਕੂਮਤੀ ਅਮਲ ਦਾ ਹਰ ਪੱਧਰ ਤੇ ਦ੍ਰਿੜਤਾ ਤੇ ਸਮੂਹਿਕ ਰੂਪ ਵਿਚ ਵਿਰੋਧ ਕਰਨ ਅਤੇ ਨਿਖੇਧੀ ਵੀ ਕਰਨ ਤਾਂ ਕਿ ਹਿੰਦੂਤਵ ਸੋਚ ਅਧੀਨ ਦੁਸ਼ਮਣ ਤਾਕਤ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਾ ਹੋ ਸਕੇ ਅਤੇ ਸਿੱਖ ਕੌਮ ਦੇ ਮਹਾਨ ਇਤਿਹਾਸ, ਰਵਾਇਤਾਂ, ਨਿਯਮਾਂ, ਅਸੂਲਾਂ ਅਤੇ ਵੱਡਮੁੱਲੀ ਸੋਚ ਨੂੰ ਕਿਸੇ ਤਰ੍ਹਾਂ ਵੀ ਢਾਹ ਨਾ ਲਗਾ ਸਕੇ । ਪੰਜਾਬੀ ਤੇ ਸਿੱਖ ਕੌਮ ਹਿੰਦੂਤਵ ਤਾਕਤਾਂ ਦੇ ਮਨਸੂਬਿਆ ਨੂੰ, ਹੋਸ ਅਤੇ ਜੋਸ ਨੂੰ ਕਾਇਮ ਰੱਖਦੇ ਹੋਏ, ਡਿਪਲੋਮੈਟਿਕ ਢੰਗਾਂ ਦੀ ਖੂਬ ਵਰਤੋ ਕਰਦੇ ਹੋਏ ਸਮੁੱਚੇ ਸੰਸਾਰ ਵਿਚ ਆਪਣੀ ਮਨੁੱਖਤਾ ਪੱਖੀ ਅਤੇ ਆਪਣੇ ਉਤੇ ਹੁਕਮਰਾਨਾਂ ਵੱਲੋ ਕੀਤੇ ਜਾ ਰਹੇ ਅਣਮਨੁੱਖੀ ਜਬਰ ਦੀ ਆਵਾਜ ਨੂੰ ਬੁਲੰਦ ਕਰਨ ਲਈ ਹਰ ਸਿੱਖ, ਹਰ ਗਲੀ, ਕੋਨੇ, ਮੁਹੱਲੇ ਵਿਚ ਆਪਣੀ ਕੌਮੀ ਤੇ ਇਨਸਾਨੀਅਤ ਪੱਖੀ ਜਿੰਮੇਵਾਰੀ ਨਿਭਾਏ ਅਤੇ ਆਉਣ ਵਾਲੇ ਸਮੇ ਦੇ ਬਣਾਏ ਜਾ ਰਹੇ ਵਿਸਫੋਟਕ ਹਾਲਾਤਾਂ ਤੋ ਪੰਜਾਬ ਸੂਬੇ ਤੇ ਸਿੱਖ ਕੌਮ ਨੂੰ ਦੂਰ ਰੱਖਦੇ ਹੋਏ ਹੁਕਮਰਾਨਾਂ ਨੂੰ ਇਥੇ ਸਾਜਸੀ ਢੰਗਾਂ ਰਾਹੀ ਗੰਦੀ ਖੇਡ ਖੇਡਣ ਦੀ ਬਿਲਕੁਲ ਇਜਾਜਤ ਨਾ ਦਿੱਤੀ ਜਾਵੇ। ਸ. ਮਾਨ ਨੇ ਸਮੁੱਚੇ ਪੰਜਾਬੀਆਂ, ਸਿੱਖ ਕੌਮ, ਮੁਸਲਿਮ, ਇਸਾਈ, ਰੰਘਰੇਟਿਆ ਇਥੋ ਤੱਕ ਕਿ ਚੰਗੀ ਸੋਚ ਰੱਖਣ ਵਾਲੇ ਹਿੰਦੂ ਵੀਰਾਂ ਅਤੇ ਬਜੁਰਗਾਂ ਨੂੰ ਵੀ ਇਹ ਅਪੀਲ ਕੀਤੀ ਕਿ ਉਹ ਹੁਕਮਰਾਨਾਂ ਦੀਆਂ ਸਾਜਿਸਾਂ ਦਾ ਕੌਮਾਂਤਰੀ ਚੌਰਾਹੇ ਵਿਚ ਭਾਂਡਾ ਭੰਨਦੇ ਹੋਏ ਉਨ੍ਹਾਂ ਵਿਰੁੱਧ ਇਕਜੁੱਟ ਹੋ ਕੇ ਸੰਘਰਸ਼ ਕਰਨ ਅਤੇ ਇਹ ਸਾਬਤ ਕਰ ਦੇਣ ਕਿ ਪੰਜਾਬ ਵਿਚ ਕਿਸੇ ਤਰ੍ਹਾਂ ਦੀ ਵੀ ਫਿਰਕੂ ਜਾਂ ਸਾਜਸੀ ਹਵਾ ਨੂੰ ਪੰਜਾਬੀ ਤੇ ਸਿੱਖ ਕੌਮ ਬਿਲਕੁਲ ਪਣਪਨ ਨਹੀ ਦੇਣਗੇ ਅਤੇ ਨਾ ਹੀ ਇਥੇ ਕਿਸੇ ਤਰ੍ਹਾਂ ਦੀ ਸਿੱਖ ਨੌਜਵਾਨੀ ਨਾਲ ਜ਼ਬਰ ਜੁਲਮ ਤੇ ਖੂਨ ਦੀ ਹੋਲੀ ਖੇਡਣ ਦੇਣਗੇ।




BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary
Celebration





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com


# ਨਿਓਸ ਏਅਰਲਾਈਨਜ਼ ਦੀ 6 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਅੰਮ੍ਰਿਤਸਰ-ਕੈਨੇਡਾ ਉਡਾਣ

ਅੰਮ੍ਰਿਤਸਰ: ਨਿਓਸ ਏਅਰਲਾਈਨਜ਼ 6 ਅਪ੍ਰੈਲ ਤੋਂ ਅੰਮ੍ਰਿਤਸਰ ਤੋਂ ਕੈਨੇਡਾ ਲਈ ਉਡਾਣ ਸ਼ੁਰੂ ਕਰ ਰਹੀ ਹੈ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਅੰਮ੍ਰਿਤਸਰ ਤੋਂ ਟੋਰਾਂਟੋ ਦਾ ਸਫਰ 21 ਘੰਟਿਆਂ ਵਿੱਚ ਪੂਰਾ ਹੋ ਜਾਵੇਗਾ। ਵਿਦੇਸ਼ਾਂ ਵਿੱਚ ਵਸਦੇਲੱਖਾਂ ਪੰਜਾਬੀਆਂ ਨੂੰ ਇਸ ਦਾ ਲਾਭ ਮਿਲੇਗਾ।ਜਾਣਕਾਰੀ ਮੁਤਾਬਕ ਇਹ ਫਲਾਈਟ ਸਭ ਤੋਂ ਪਹਿਲਾਂ ਮਿਲਾਨ ਏਅਰਪੋਰਟ 'ਤੇ ਰੁਕੇਗੀ। 4 ਘੰਟੇ ਠਹਿਰਨ ਤੋਂ ਬਾਅਦ ਫਲਾਈਟ ਟੋਰਾਂਟੋ ਦੇ ਪੀਅਰਸਨ ਏਅਰਪੋਰਟ ਲਈ ਰਵਾਨਾ ਹੋਵੇਗੀ। ਇਹ ਏਅਰਲਾਈਨ ਹਰ ਵੀਰਵਾਰ ਸਵੇਰੇ 3.15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ। ਇਸ ਦੀ ਯਾਤਰਾ 21 ਘੰਟਿਆਂ ਵਿੱਚ ਪੂਰੀ ਹੋਵੇਗੀ। ਇਹ ਉਡਾਣ ਵੀ ਵੀਰਵਾਰ ਨੂੰ ਹੀ ਟੋਰਾਂਟੋ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਹਵਾਈ ਅੱਡੇ 'ਤੇ ਵਾਪਸ ਆ ਜਾਵੇਗੀ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ

ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ





ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਕੀ ਰਾਮ ਨੌਮੀ ਸਮੇਂ ਹਿੰਸਾ ਕਰਨਾ ਤੇ ਮੁਸਲਮਾਨਾਂ ਨੂੰ ਗਾ.ਲਾ ਕੱਢਣੀਆਂ ਤੇ ਮਾਰਨਾ ਧਰਮ ਦਾ ਹਿੱਸਾ ਬਣ ਗਿਆ

ਦਿੱਲੀ (ਅਪੂਰਵਾਨੰਦ) ਭਾਰਤੀ ਜਨਤਾ ਪਾਰਟੀ ਦੇ ਆਗੂ ਹੁਣ ਖੁੱਲ੍ਹੇਆਮ ਰਾਮ ਨੌਮੀ ਮੌਕੇ ਹਿੰਸਾ ਭੜਕਾਉਣ ਲੱਗੇ ਹਨ ਅਤੇ ਉਹ ਸਰਕਾਰਾਂ ਵਿੱਚ ਹਨ। ਉਨ੍ਹਾਂ ਨੇ ਇਸ ਨੂੰ ਹਿੰਦੂਤਵ ਦੀ ਲਾਮਬੰਦੀ ਦਾ ਜ਼ਰੀਆ ਬਣਾ ਲਿਆ ਹੈ। ਹੁਣ ਰਾਮ ਨੌਮੀ ਉਨ੍ਹਾਂ ਰਾਜਾਂ ਵਿੱਚ ਵੀ ਮਨਾਈ ਜਾ ਰਹੀ ਹੈ ਜਿੱਥੇ ਇਹ ਰਿਵਾਜ ਨਹੀਂ ਸੀ। ਬੰਗਾਲ ਦੇ ਹਾਵੜਾ ਦੇ ਸ਼ਿਬਪੁਰ 'ਚ ਰਾਮ ਨੌਮੀ ਦੇ ਦੂਜੇ ਦਿਨ ਵੀ ਹਿੰਸਾ ਜਾਰੀ ਰਹੀ। ਉਥੇ ਹੀ ਰਾਮ ਨੌਮੀ ਦੇ ਦਿਨ ਇਕ ਵਾਰ ਫਿਰ ਤੋਂ ਪੂਰੇ ਭਾਰਤ ਤੋਂ ਮੁਸਲਮਾਨਾਂ ਉਪਰ ਹਿੰਸਾ ਦੀਆਂ ਖਬਰਾਂ ਆਈਆਂ ਹਨ। ਕੀ ਇਹ ਮੰਨ ਲਿਆ ਗਿਆ ਹੈ ਕਿ ਰਾਮ ਨੌਮੀ ਵਾਲੇ ਦਿਨ ਮੁਸਲਮਾਨਾ ਤੇ ਹੋਰ ਘੱਟ ਗਿਣਤੀਆਂ ਵਿਰੁੱਧ ਹਿੰਸਾ ਹੋਵੇਗੀ ? ਹਿੰਸਕ ਹਿੰਦੂਤਵੀਆਂ ਦੀਆਂ ਤਸਵੀਰਾਂ ਅਤੇ ਵੀਡੀਓ ਗੁਜਰਾਤ, ਮਹਾਰਾਸ਼ਟਰ, ਬਿਹਾਰ, ਹਰਿਆਣਾ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਮੱਧ ਪ੍ਰਦੇਸ਼, ਝਾਰਖੰਡ, ਬੰਗਾਲ ਤੋਂ ਮਿਲੀਆਂ ਹਨ ਜਿੱਥੇ ਹਿੰਦੂ ਲੋਕ ਲਾਠੀਆਂ, ਹਾਕੀ ਸਟਿੱਕਾਂ, ਤਲਵਾਰਾਂ, ਬੰਦੂਕਾਂ ਨਾਲ ਰਾਮ ਨੌਮੀ ਦੇ ਜਲੂਸ ਵਿੱਚ ਹਿੱਸਾ ਲੈਂਦੇ ਹੋਏ ਮੁਸਲਿਮ ਪ੍ਰਭਾਵ ਵਾਲੇ ਇਲਾਕਿਆਂ ਵਿੱਚ ਦਾਖਲ ਹੋ ਰਹੇ ਹਨ। ਸੜਕਾਂ 'ਤੇ ਮੁਸਲਮਾਨਾਂ ਦਾ ਅਪਮਾਨ ਕਰਨ ਵਾਲੇ ਨਾਅਰੇ ਲਗਾ ਰਹੇ ਹਨ, ਮਸਜਿਦਾਂ, ਦਰਗਾਹਾਂ 'ਤੇ ਚੜ੍ਹ ਕੇ ਭਗਵੇਂ ਝੰਡੇ ਲਹਿਰਾ ਰਹੇ ਹਨ ਅਤੇ ਉਥੇ ਭੰਨਤੋੜ ਕਰ ਰਹੇ ਹਨ। ਭਾਰਤ ਦੀ ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਨੇ ਸਿਰਫ਼ ਬੰਗਾਲ ਦੇ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਹੀ ਬੁਲਾਇਆ ਹੈ। ਇਹ ਅੰਦਾਜ਼ਾ ਲਗਾਉਣਾ ਔਖਾ





ਨਹੀਂ ਹੈ ਕਿ ਉਸ ਨੂੰ ਬੰਗਾਲ ਬਾਰੇ ਇਹ ਖਾਸ ਚਿੰਤਾ ਕਿਉਂ ਹੈ। ਪਰ ਯੂਪੀ ਬਿਹਾਰ ਹਰਿਆਣਾਂ ਮੱਧ ਪ੍ਰਦੇਸ਼ ਜ 'ਜਿਥੇ ਬਾਜਪਾ ਦੀਆ ਸਰਕਾਰਾਂ ਹਨ ਉਨਾ ਨੂੰ ਨਹੀਂ ਸੱਦਿਆ ਗਿਆ। ਤਲਵਾਰਾਂ, ਬੰਦੂਕਾਂ, ਭਗਵੇਂ ਧਾਰੀਆਂ ਦੀ ਭੀੜ ਵੱਲੋਂ ਮੁਸਲਮਾਨਾਂ ਵਿਰੁੱਧ ਗਾਲੀ-ਗਲੋਚ, ਮਸਜਿਦਾਂ ਦੇ ਸਾਹਮਣੇ ਖੜ੍ਹੇ ਹੋਣ ਦੀ ਜ਼ਿੱਦ, ਪੱਥਰਬਾਜ਼ੀ ਅਤੇ ਉਨ੍ਹਾਂ 'ਤੇ ਭਗਵਾ ਝੰਡਾ ਲਹਿਰਾਉਣ ਦੀ ਕੋਸ਼ਿਸ਼। ਰਾਮ ਨੌਮੀ ਦੇ ਮੌਕੇ 'ਤੇ ਆਯੋਜਿਤ 'ਸ਼ੋਭਾਯਾਤਰਾਂ' ਵਿੱਚ ਹਿੰਦੂ ਸਮਾਜ ਅੰਦਰ ਅਸ਼ਲੀਲਤਾ ਅਤੇ ਹਿੰਸਾ ਦੇ ਖੁੱਲ੍ਹੇ, ਬੇਸ਼ਰਮ ਪ੍ਰਦਰਸ਼ਨ ਆਮ ਹੋ ਗਿਆ ਹੈ। ਇਨ੍ਹਾਂ ਵਿੱਚ ਰਾਮ ਦੀ ਮਹਿਮਾ ਨਹੀਂ ਗਾਈ ਜਾਂਦੀ ਅਤੇ ਨਾ ਹੀ ਉਚਾਰੀ ਜਾਂਦੀ ਹੈ, ਮੁਸਲਮਾਨਾਂ ਪ੍ਰਤੀ ਨਫ਼ਰਤ ਦਾ ਐਲਾਨ ਕੀਤਾ ਜਾਂਦਾ ਹੈ। ਹਿੰਦੂ ਆਪਣੀ ਹਿੰਸਾ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਂਦੇ ਹਨ ਕਿ ਉਹ ਮੱਧਯੁਗੀ ਸਮੇਂ ਵਿੱਚ ਆਪਣੇ ਪੁਰਖਿਆਂ ਉੱਤੇ ਹੋਈ ਹਿੰਸਾ ਦਾ ਬਦਲਾ ਲੈ ਰਹੇ ਹਨ। ਕਿਉਂਕਿ ਬਹੁਤੀਆਂ ਥਾਵਾਂ 'ਤੇ ਪੁਲਿਸ ਹਿੰਦੂਆਂ ਦਾ ਪੱਖ ਪੂਰਦੀ ਹੈ ਜਾਂ ਉਹਨਾਂ ਵੱਲ ਝੁਕਾਅ ਰੱਖਦੀ ਹੈ, ਇਸ ਲਈ ਹਿੰਦੂ 'ਸਜ਼ਾ-ਏ-ਮੌਤ ਨਾਲ' ਹਿੰਸਾ ਕਰਦੇ ਹਨ। ਬਾਅਦ ਵਿੱਚ, ਪੁਲਿਸ ਅਕਸਰ ਅਦਾਲਤਾਂ ਵਿੱਚ ਹਿੰਦੂ ਜਲੂਸਾਂ ਨੂੰ ਸ਼ਾਂਤਮਈ ਘੋਸ਼ਿਤ ਕਰਦੀ ਹੈ ਅਤੇ ਕਹਿੰਦੀ ਹੈ ਕਿ ਉਨ੍ਹਾਂ ਦੇ ਪੱਖ ਤੋਂ ਜੋ ਕੁਝ ਹੋਇਆ ਉਹ ਮੁਸਲਮਾਨਾਂ ਦੀ ਹਿੰਸਾ ਦਾ ਜਵਾਬ ਸੀ। ਇਹ ਗੱਲ ਉਸ ਨੇ ਪਿਛਲੇ ਸਾਲ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਹੋਈ ਹਿੰਸਾ ਬਾਰੇ ਕਹੀ ਸੀ। ਹਾਲ ਹੀ ਵਿੱਚ ਸੁਪਰੀਮ ਕੋਰਟ ਦੇ ਵਕੀਲ ਚੰਦਰ ਉਦੈ ਸਿੰਘ ਨੇ ਰਾਮ ਨੌਮੀ ਦੀ ਹਿੰਸਾ ਨੂੰ ਇਤਿਹਾਸਕ ਪਰਿਪੇਖ ਵਿੱਚ ਰੱਖਦੇ ਹੋਏ ਇੱਕ ਰਿਪੋਰਟ ਜਾਰੀ ਕੀਤੀ ਹੈ। ਇਹ ਰਿਪੋਰਟ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਇਹ ਹਿੰਸਾ ਸਿਰਫ ਮੁਸਲਿਮ ਬਹੁਲ ਖੇਤਰਾਂ ਤੋਂ ਜਲੂਸਾਂ, ਮਸਜਿਦਾਂ ਦੇ ਸਾਹਮਣੇ ਭੜਕਾਊ ਨਾਅਰੇ ਲਗਾਉਣ ਨਾਲ ਹੁੰਦੀ ਹੈ। ਜਲੂਸਾਂ ਵਿੱਚ ਮਾਰੂ ਹਥਿਆਰ ਲੈ ਕੇ ਜਾਣਾ ਆਮ ਗੱਲ ਹੈ। ਹੌਲੀ-ਹੌਲੀ ਰਾਮ ਦੇ ਮੋਢਿਆਂ 'ਤੇ ਸਵਾਰ ਹੋ ਕੇ ਭਾਜਪਾ ਦੀ ਹਿੰਸਕ ਰਾਜਨੀਤੀ ਪੂਰੇ ਦੇਸ਼ 'ਚ ਪਹੁੰਚ ਗਈ ਹੈ। ਹੁਣ ਸਾਡੇ ਕੋਲ ਪ੍ਰੇਮਚੰਦ ਵਰਗਾ ਕੋਈ ਲੇਖਕ ਨਹੀਂ ਹੈ ਜੋ ਹਿੰਦੂ ਤਿਉਹਾਰਾਂ ਵਿੱਚ ਹੋ ਰਹੀ ਹਿੰਸਾ ਦਾ ਵਿਰੋਧ ਕਰ ਸਕੇ। ਜੋ ਕੋਈ ਕਹਿ ਸਕਦਾ ਹੈ ਕਿ ਮਸਜਿਦਾਂ ਅੱਗੇ ਜਲੂਸ ਕੱਢਣ, ਗੀਤ ਵਜਾਉਣ ਅਤੇ ਜ਼ੋਰ ਪਾਉਣਾ ਕੋਈ ਜਾਇਜ਼ ਨਹੀਂ ਹੈ ਅਤੇ ਹਿੰਦੂਆਂ ਨੂੰ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਰਾਮ ਨੌਮੀ ਦੇ ਮੌਕੇ 'ਤੇ ਜੋ ਵੀ ਕੀਤਾ ਜਾ ਰਿਹਾ ਹੈ, ਉਸ ਨੂੰ ਹਿੰਦੂਆਂ ਦੀ ਆਪਣੇ ਖੇਤਰ ਨੂੰ ਵਧਾਉਣ ਦੀ ਇੱਛਾ ਦਾ ਨਤੀਜਾ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਹਰ ਥਾਂ ਕੰਟਰੋਲ ਹੈ, ਇਹੀ ਉਹ ਦਿਖਾਉਣਾ ਚਾਹੁੰਦੇ ਹਨ। ਇਸ ਨਾਲ ਉਹ ਦੂਜਿਆਂ ਨੂੰ ਹੋਰ ਕੋਨਿਆਂ ਵਿਚ ਧੱਕਦੇ ਰਹਿੰਦੇ ਹਨ। ਇੱਕ ਪਾਸੇ ਰਾਮ ਨੌਮੀ ਦੌਰਾਨ ਮਸਜਿਦਾਂ ਦੇ ਸਾਹਮਣੇ ਹਿੰਸਾ, ਦੂਜੇ ਪਾਸੇ ਰਮਜ਼ਾਨ ਦੌਰਾਨ ਮੁਸਲਮਾਨਾਂ ਨੂੰ ਆਪਣੇ ਘਰਾਂ ਅਤੇ ਇਲਾਕਿਆਂ ਵਿੱਚ ਨਮਾਜ਼ ਅਦਾ ਕਰਨ ਤੋਂ ਰੋਕਦੇ ਹਨ। ਕੀ ਇਹ ਇੱਕ ਤਰ੍ਹਾਂ ਨਾਲ ਹਿੰਦੂ ਸਮਾਜ ਵਿੱਚ ਬੈਠੀ ਹੀਣ ਭਾਵਨਾ ਦਾ ਨਤੀਜਾ ਹੈ? ਕੀ ਉਨ੍ਹਾਂ ਨੂੰ ਆਪਣੇ ਧਰਮ ਵਿੱਚ ਸੁਖ ਨਹੀਂ ਮਿਲ ਰਿਹਾ? ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਸ਼ਾਂਤੀ ਨਹੀਂ ਦੇ ਰਿਹਾ? ਇਸ ਦੀ ਬਜਾਏ, ਉਹ ਮੁਸਲਮਾਨਾਂ ਅਤੇ ਈਸਾਈਆਂ 'ਤੇ ਹਮਲੇ ਕਰ ਕੇ ਮਜ਼ੇ ਲੈ ਰਹੇ ਹਨ। ਕੀ ਇਹ ਉਨ੍ਹਾਂ ਦਾ ਧਾਰਮਿਕ ਕੰਮ ਬਣ ਗਿਆ ਹੈ? ਜਿਹੇ ਜਿਹੇ ਧਰਮੀਂ ਲੋਕ ਹੋਣਗੇ, ਉਵੇਂ ਹੀ ਉਨ੍ਹਾਂ ਦਾ ਧਰਮ ਹੋਵੇਗਾ। ਕੀ ਇਹ ਕਹਿਣ ਦੀ ਲੋੜ ਹੈ ਕਿ ਹਿੰਦੂਆਂ ਵਿੱਚ ਹੋਰ ਧਾਰਮਿਕ ਲੋਕਾਂ ਦੇ ਮੁਕਾਬਲੇ ਹੀਣ ਭਾਵਨਾ ਅਤੇ ਨਫ਼ਰਤ ਵਧੇਰੇ ਪ੍ਰਚਲਿਤ ਹੈ? ਫਿਰ ਹਿੰਦੂ ਧਰਮ ਬਾਰੇ ਕੀ ਵਿਚਾਰ ਬਣੇਗਾ?

# ਗੁੜਗਾਓਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਰੈਲੀ 'ਚ ਹਥਿਆਰ ਲਹਿਰਾਏ



ਨਵੀਂ ਦਿੱਲੀ: ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਐਤਵਾਰ ਨੂੰ ਗੁੜਗਾਓਂ 'ਚ 'ਮਹਾਨ ਭਗਵਾ ਯਾਤਰਾ' ਦਾ ਆਯੋਜਨ ਕੀਤਾ, ਜਿਸ 'ਚ ਸੈਂਕੜੇ ਲੋਕ ਕਥਿਤ ਤੌਰ 'ਤੇ ਨਾਅਰੇਬਾਜ਼ੀ ਕਰਦੇ ਅਤੇ ਹਥਿਆਰ ਲਹਿਰਾਉਂਦੇ ਨਜ਼ਰ ਆਏ। ਸੈਕਟਰ 5 ਤੋਂ ਅਤੁਲ ਕਟਾਰੀਆ ਚੌਕ ਤੱਕ ਤਿੰਨ ਕਿਲੋਮੀਟਰ ਲੰਬੀ ਰੈਲੀ ਕੱਢੀ ਗਈ। ਦਿ ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਦੇ ਅਨੁਸਾਰ, ਗੁੜਗਾਓਂ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਰੈਲੀ ਗੈਰ-ਕਾਨੂੰਨੀ ਸੀ, ਕਿਉਂਕਿ ਵੀਐਚਪੀ ਨੇ ਇਸਦੀ ਇਜਾਜ਼ਤ ਨਹੀਂ ਲਈ ਸੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸ਼ਾਂਤੀ ਭੰਗ ਕਰਨ, ਹਥਿਆਰ ਲਹਿਰਾਉਣ ਅਤੇ ਦੁਸ਼ਮਣੀ ਪੈਦਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਵਿਚ ਸ਼ਾਮਲ ਲੋਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ, ਇਸ ਲਈ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲਸ ਸੂਤਰਾਂ ਮੁਤਾਬਕ ਬੁਲਡੋਜ਼ਰ, ਵੈਨਾਂ ਅਤੇ ਐੱਸਯੂਵੀ 'ਤੇ ਸਵਾਰ ਸੈਂਕੜੇ ਲੋਕਾਂ ਨੇ ਕਥਿਤ ਤੌਰ 'ਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਲਾਏ ਅਤੇ ਸੜਕਾਂ 'ਤੇ ਮਾਰਚ ਕੀਤਾ। ਰੈਲੀ ਦੀ ਕਥਿਤ ਵੀਡੀਓ ਵਿੱਚ ਚਿੱਟੇ ਅਤੇ ਭਗਵੇਂ ਰੰਗ ਵਿੱਚ ਮਰਦ ਹਥਿਆਰ ਲਹਿਰਾਉਂਦੇ ਅਤੇ ਸੜਕਾਂ 'ਤੇ ਨੱਚਦੇ ਦਿਖਾਈ ਦਿਤੇ। ਕੁਝ ਤਾਂ ਬਾਈਕ 'ਤੇ ਸਟੰਟ ਕਰਦੇ ਵੀ ਨਜ਼ਰ ਆ ਰਹੇ ਹਨ। ਵਾਹਨਾਂ 'ਤੇ ਵੀਐਚਪੀ ਦੇ ਪੋਸਟਰ ਵੀ ਨਜ਼ਰ ਆ ਰਹੇ ਹਨ।

# ਮੋਦੀ ਦੀ ਆਲੋਚਨਾ ਕਰਨ 'ਤੇ ਭਾਰਤੀ ਅਦਾਲਤ ਨੇ ਕੇਜਰੀਵਾਲ ਨੂੰ ਜੁਰਮਾਨਾ ਕੀਤਾ ਹੈ



ਨਵੀਂ ਦਿੱਲੀ: ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਨ ਵਾਲੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗੁਜਰਾਤ ਹਾਈ ਕੋਰਟ ਨੇ 25,000 ਰੁਪਏ ਦਾ ਜੁਰਮਾਨਾ ਲਗਾਇਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਨਪੜ੍ਹ ਜਾਂ ਘੱਟ ਪੜ੍ਹਿਆ-ਲਿਖਿਆ ਪ੍ਰਧਾਨ ਮੰਤਰੀ ਦੇਸ਼ ਲਈ ਖਤਰਨਾਕ ਹੈ। ਉਸਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਉਸ ਆਦੇਸ਼ ਨੂੰ ਰੱਦ ਕਰਨ ਦੇ ਗੁਜਰਾਤ ਹਾਈ ਕੋਰਟ ਦੇ ਫੈਸਲੇ 'ਤੇ ਪ੍ਰਤੀਕਿਰਿਆ ਕਰਦੇ ਹੋਏ ਕਿਹਾ, ਜਿਸ ਨੇ ਗੁਜਰਾਤ ਯੂਨੀਵਰਸਿਟੀ ਨੂੰ ਨਰਿੰਦਰ ਮੋਦੀ ਦੀਆਂ ਡਿਗਰੀਆਂ ਬਾਰੇ "ਜਾਣਕਾਰੀ ਦੀ ਖੋਜ" ਕਰਨ ਦਾ ਨਿਰਦੇਸ਼ ਦਿੱਤਾ ਸੀ। ਇੱਕ ਟਵੀਟ ਵਿੱਚ ਕੇਜਰੀਵਾਲ ਨੇ ਕਿਹਾ, "ਕੀ ਦੇਸ਼ ਨੂੰ ਇਹ ਜਾਣਨ ਦਾ ਅਧਿਕਾਰ ਵੀ ਨਹੀਂ ਹੈ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਕਿੰਨੇ ਪੜ੍ਹੇ-ਲਿਖੇ ਹਨ? ਉਹ ਅਦਾਲਤ ਵਿੱਚ ਉਸਦੀ ਡਿਗਰੀ ਦਿਖਾਉਣ ਦਾ ਵਿਰੋਧ ਕਰ ਰਹੇ ਸਨ। ਕਿਉਂ? ਉਸ ਦੀ ਡਿਗਰੀ ਦੇਖਣ ਦੀ ਮੰਗ ਕਰਨ ਵਾਲਿਆਂ 'ਤੇ ਲੱਗੇਗਾ ਜੁਰਮਾਨਾ? ਕੀ ਹੋ ਰਿਹਾ ਹੈ? ਇੱਕ ਅਨਪੜ੍ਹ ਜਾਂ ਘੱਟ ਪੜ੍ਹਿਆ-ਲਿਖਿਆ ਪ੍ਰਧਾਨ ਮੰਤਰੀ ਦੇਸ਼ ਲਈ ਬਹੁਤ ਖਤਰਨਾਕ ਹੈ। ਅਦਾਲਤ ਨੇ ਕੇਜਰੀਵਾਲ 'ਤੇ 25,000 ਰੁਪਏ ਦਾ ਜ਼ੁਰਮਾਨਾ ਲਗਾਇਆ, ਜਿਸ ਨੇ ਆਰਟੀਆਈ (ਸੂਚਨਾ ਦਾ ਅਧਿਕਾਰ) ਐਕਟ ਤਹਿਤ ਮੋਦੀ ਦੀਆਂ ਡਿਗਰੀਆਂ ਬਾਰੇ ਜਾਣਕਾਰੀ ਮੰਗੀ ਸੀ। ਇਹ ਰਕਮ ਚਾਰ ਹਫ਼ਤਿਆਂ ਦੇ ਅੰਦਰ ਗੁਜਰਾਤ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਜਮ੍ਹਾਂ ਕਰਾਉਣੀ ਹੋਵੇਗੀ। ਇਸ ਤੋਂ ਪਹਿਲਾਂ, ਗੁਜਰਾਤ ਦੇ ਸੂਰਤ ਸ਼ਹਿਰ ਦੀ ਇੱਕ ਅਦਾਲਤ ਨੇ ਨਰਿੰਦਰ ਮੋਦੀ ਦੇ ਉਪਨਾਮ ਦੀ ਆਲੋਚਨਾ ਕਰਨ ਲਈ ਰਾਹੁਲ ਗਾਂਧੀ ਨੂੰ ਭਾਰਤੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੇ ਮੈਂਬਰ ਵਜੋਂ ਅਯੋਗ ਕਰਾਰ ਦਿੱਤਾ ਸੀ।


ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਜੇਕਰ ਤੁਸੀਂ ਆਜ਼ਾਦ ਸੋਚ ਵਾਲੇ ਹੋ ਤਾਂ ਤੁਹਾਨੂੰ ਨਤੀਜੇ ਭੁਗਤਣੇ ਪੈਣਗੇ:ਮਹੇਸ਼ ਭੱਟ



ਨਵੀਂ ਦਿੱਲੀ: ਦਿੱਗਜ ਫ਼ਿਲਮ ਨਿਰਦੇਸ਼ਕ ਮਹੇਸ਼ ਭੱਟ ਦਾ ਕਹਿਣਾ ਹੈ ਕਿ ਭਾਰਤ ਵਿੱਚ ਖ਼ਬਰਾਂ ਦਾ ਪੂਰਾ ਵਾਤਾਵਰਣ ਜ਼ਹਿਰੀਲਾ ਹੋ ਗਿਆ ਹੈ, ਸਮਝ ਨਹੀਂ ਆ ਰਹੀ ਕਿ ਕਿਸ ਤੱਕ ਪਹੁੰਚ ਕੀਤੀ ਜਾਵੇ ਅਤੇ ਕਿਸ ਤੋਂ ਜਾਣਿਆ ਜਾਵੇ ਕਿ ਸੱਚ ਕੀ ਹੈ।'ਦਿ ਵਾਇਰ' ਨੂੰ ਦਿੱਤੇ ਇੰਟਰਵਿਊ 'ਚ ਮਹੇਸ਼ ਭੱਟ ਨੇ ਵੀ ਮੌਜੂਦਾ ਮੀਡੀਆ-ਰਿਪੋਰਟਿੰਗ ਦਾ ਹਵਾਲਾ ਦਿੰਦੇ ਹੋਏ ਕਿਹਾ, 'ਪਹਿਲਾਂ ਲੱਗਦਾ ਸੀ ਕਿ ਇੱਥੇ ਨਹੀਂ ਤਾਂ ਉੱਥੇ ਹੀ ਦੇਖਾਂਗੇ, ਪਰ ਹੁਣ ਲੱਗਦਾ ਹੈ ਕਿ ਕਿਸੇ ਨੇ ਪੂਰੇ ਮਾਹੌਲ ਨੂੰ ਜ਼ਹਿਰੀਲਾ ਕਰ ਦਿੱਤਾ ਹੈ।'ਉਨ੍ਹਾਂ ਕਿਹਾ, 'ਅਵਿਸ਼ਵਾਸ ਦਾ ਮਾਹੌਲ ਹੈ, ਪਰ ਅਸੀਂ ਮਨੋਰੰਜਨ-ਜਗਤ ਦੇ ਲੋਕ ਹਾਂ, ਇਸ ਲਈ ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਅਸੀਂ ਸੱਚ ਦੇ ਰਖਵਾਲੇ ਹਾਂ।'ਉਸ ਨੇ ਅੱਗੇ ਕਿਹਾ, 'ਜੇ ਅਸੀਂ ਕਦੇ ਕੁਝ ਕਿਹਾ ਹੈ, ਅਸੀਂ ਉਸ ਦੀ ਕੀਮਤ ਚੁਕਾਈ ਹੈ, ਪਰ ਅਸੀਂ ਇਸ ਦੀ ਸ਼ਿਕਾਇਤ ਨਹੀਂ ਕਰਦੇ, ਜੇ ਅਸੀਂ ਧੁੱਪ ਵਿਚ ਖੜ੍ਹੇ ਹੋਵਾਂਗੇ ਤਾਂ ਸਨ-ਸਟ੍ਰੋਕ ਹੋ ਜਾਵੇਗਾ, ਹਰ ਚੀਜ਼ ਦੀ ਕੀਮਤ ਚੁਕਾਉਣੀ ਪੈਂਦੀ ਹੈ।ਜੇਕਰ ਤੁਸੀਂ ਆਜ਼ਾਦ ਸੋਚ ਰੱਖਦੇ ਹੋ, ਤਾਂ ਤੁਹਾਨੂੰ ਇਸਦੇ ਨਤੀਜੇ ਭੁਗਤਣੇ ਪੈਣਗੇ ਅਤੇ ਤੁਹਾਨੂੰ ਇਸ ਨੂੰ ਖੁਸ਼ੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ।'ਉਨ੍ਹਾਂ ਇਹ ਵੀ ਕਿਹਾ ਕਿ ਨਫ਼ਰਤ ਕਦੇ ਵੀ ਬਦਲਾ ਲੈਣ ਦਾ ਤਰੀਕਾ ਨਹੀਂ ਹੋ ਸਕਦੀ।ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ, ਉਸਨੇ ਅੱਗੇ ਕਿਹਾ, 'ਕਿਸੇ ਨੂੰ ਜਿਵੇਂ ਉਹ ਹੈ ਉਸ ਨੂੰ ਗਲੇ ਲਗਾ ਲੈਣਾ ਚਾਹੀਦਾ ਹੈ, ਇਹ ਵਿਭਿੰਨਤਾ ਹੈ, ਅਤੇ ਇਹ ਇੱਕ ਆਜ਼ਾਦ ਦੇਸ਼ ਹੈ ਜਿੱਥੇ ਹਰ ਕੋਈ ਆਪਣੀ ਆਜ਼ਾਦ ਸੋਚ ਰੱਖ ਸਕਦਾ ਹੈ।'ਉਨ੍ਹਾਂ ਅੱਗੇ ਕਿਹਾ, 'ਸਾਡੇ ਦੇਸ਼ ਵਿੱਚ ਇੰਨੀ ਆਬਾਦੀ ਹੈ ਕਿ ਅਸੀਂ ਸਾਰਿਆਂ ਨੂੰ ਇੱਕ ਕਹਾਣੀ ਨਾਲ ਨਹੀਂ ਬੰਨ੍ਹ ਸਕਦੇ ਅਤੇ ਦੇਸ਼ ਦਾ ਇਤਿਹਾਸ ਲੋਕਾਂ ਦੀਆਂ ਕਹਾਣੀਆਂ ਤੋਂ ਬਣਦਾ ਹੈ, ਇਸ ਲਈ ਸਾਨੂੰ ਆਪਣੀ ਵਿਭਿੰਨਤਾ ਨੂੰ ਕਾਇਮ ਰੱਖਣ ਲਈ ਕੁਝ ਹੌਂਸਲਾ ਰੱਖਣਾ ਪਵੇਗਾ। ਅਤੇ ਹਾਂ ਸੱਚ ਬੋਲਣਾ ਆਸਾਨ ਨਹੀਂ ਹੁੰਦਾ, ਇਸਦੀ ਕੀਮਤ ਚੁਕਾਉਣੀ ਪੈਂਦੀ ਹੈ ਅਤੇ ਜਿਸ ਵਿੱਚ ਹਿੰਮਤ ਹੈ ਉਸਨੂੰ ਅਦਾ ਕਰਨਾ ਚਾਹੀਦਾ ਹੈ ਜਾਂ ਚੁੱਪ ਰਹਿਣਾ ਚਾਹੀਦਾ ਹੈ।



# ਦਿੱਲੀ 'ਚ 500 ਸਾਲ ਪੁਰਾਣੀ ਦਰਗਾਹ ਨੂੰ ਢਾਹਿਆ

ਦਿੱਲੀ (ਪ੍ਰਸ਼ਾਂਤ ਵਰਮਾ): ਦਿੱਲੀ ਦੇ ਨਿਜ਼ਾਮੂਦੀਨ ਇਲਾਕੇ ਦੇ ਗੋਲ ਚੱਕਰ ਨੇੜੇ ਮਥੁਰਾ ਰੋਡ 'ਤੇ ਬਣੀ 500 ਸਾਲ ਪੁਰਾਣੀ ਦਰਗਾਹ ਨੂੰ ਢਾਹ ਦਿੱਤਾ ਗਿਆ ਹੈ। ਬੁਲਡੋਜ਼ਰ ਨਾਲ ਕੀਤੀ ਇਹ ਕਾਰਵਾਈ ਲੋਕ ਨਿਰਮਾਣ ਵਿਭਾਗ (ਪੀ.ਡਬਲਿਊ.ਡੀ.) ਵੱਲੋਂ ਕੀਤੀ ਗਈ ਹੈ।ਇਸ ਦੌਰਾਨ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਦਿੱਲੀ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੂੰ ਵੱਡੀ ਗਿਣਤੀ ਵਿਚ ਤਾਇਨਾਤ ਕੀਤਾ ਗਿਆ ਸੀ।

# ਲੋਕਤੰਤਰ ਨੂੰ ਬਚਾਉਣ ਦੀ ਲੜਾਈ 'ਚ ਸੱਚ ਹੀ ਮੇਰਾ ਹਥਿਆਰ ਹੈ:ਰਾਹੁਲ ਗਾਂਧੀ



ਨਵੀਂ ਦਿੱਲੀ: ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮਾਣਹਾਨੀ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੇ ਖਿਲਾਫ ਅਪੀਲ ਦਾਇਰ ਕਰਨ ਤੋਂ ਬਾਅਦ ਕਿਹਾ ਕਿ ਉਹ 'ਮਿੱਤਰਕਾਲ' ਖ਼ਿਲਾਫ਼ ਅਤੇ ਲੋਕਤੰਤਰ ਨੂੰ ਬਚੁਣ ਦੀ ਲੜਾਈ ਲੜ ਰਹੇ ਹਨ, ਜਿਸ ਵਿਚ ਸੱਚ ਹੀ ਉਹਨਾਂ ਦਾ ਹਥਿਆਰ ਹੈ।ਉਹਨਾਂ ਟਵੀਟ ਕੀਤਾ, "ਇਹ 'ਮਿੱਤਰਕਾਲ' ਖ਼ਿਲਾਫ਼, ਲੋਕਤੰਤਰ ਨੂੰ ਬਚਾਉਣ ਦੀ ਲੜਾਈ ਹੈ। ਇਸ ਸੰਘਰਸ਼ ਵਿਚ ਸੱਚ ਹੀ ਮੇਰਾ ਹਥਿਆਰ ਹੈ ਅਤੇ ਸੱਚ ਹੀ ਮੇਰਾ ਸਹਾਰਾ ਹੈ!" ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਉਹਨਾਂ ਦੇ ਇਸ ਟਵੀਟ ਨੂੰ ਰੀਟਵੀਟ ਕਰਦਿਆਂ ਲਿਖਿਆ, "ਯੋਧੇ ਭਟਕਦੇ ਨਹੀਂ, ਇਕ ਪਲ ਲਈ ਵੀ ਸਬਰ ਨਹੀਂ ਗੁਆਉਂਦੇ, ਰੁਕਾਵਟਾਂ ਨੂੰ ਗਲੇ ਲਗਾਉਂਦੇ ਹਨ, ਕੰਡਿਆਂ ਵਿਚ ਰਾਹ ਬਣਾਉਂਦੇ ਹਨ"।ਰਾਹੁਲ ਗਾਂਧੀ ਨੇ ਸੋਮਵਾਰ ਨੂੰ 'ਮੋਦੀ ਸਰਨੇਮ' ਦੇ ਸੰਦਰਭ ਵਿਚ ਆਪਣੀ 2019 ਦੀ ਟਿੱਪਣੀ ਨਾਲ ਸਬੰਧਤ ਮਾਣਹਾਨੀ ਦੇ ਇਕ ਕੇਸ ਵਿਚ ਦੋਸ਼ੀ ਠਹਿਰਾਏ ਜਾਣ ਵਿਰੁੱਧ ਇਕ ਸੈਸ਼ਨ ਅਦਾਲਤ ਵਿਚ ਅਪੀਲ ਦਾਇਰ ਕੀਤੀ।ਅਦਾਲਤ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ।


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



*MORTGAGES FOR UPTO 50 MILLION

IS AVAILABLE FOR LARGE PROJECTS

5 YEAR FIXED 4.84 %*

Foreclosure?, we can help.

QUICK & EASY APPROVALS

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.



AK Mortgage Plus — Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC



A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey

# ਮਾਮਲਾ ਪੰਜਵੜ ਦੀ ਮਾਤਾ ਨੂੰ ਲਾਪਤਾ ਕਰਨ ਦਾ
# ਸਾਬਕਾ ਏ.ਆਈ.ਜੀ. ਜਗਦੀਪ ਸਿੰਘ ਨੂੰ ਸੀ.ਬੀ.ਆਈ. ਅਦਾਲਤ ਵੱਲੋਂ ਦਿੱਤਾ ਭਗੌੜਾ ਕਰਾਰ
## ਐਡਵੋਕੇਟ ਵੇਰਕਾ ਅਨੁਸਾਰ ਕੇਂਦਰੀ ਏਜੰਸੀਆਂ ਦੀ ਲਾਪ੍ਰਵਾਹੀ ਕਾਰਨ ਦੋਸ਼ੀ ਵਿਦੇਸ਼ ਫਰਾਰ



ਤਰਨਤਾਰਨ:-ਖਾੜਕੂਵਾਦ ਦੇ ਦੌਰ ਵਿਚ ਸਾਲ 1992 ਵਿਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਖਾੜਕੂ ਪਰਮਜੀਤ ਸਿੰਘ ਪੰਜਵੜ੍ਹ ਦੀ ਮਾਤਾ ਮਹਿੰਦਰ ਕੌਰ ਨੂੰ ਘਰੋਂ ਚੁੱਕ ਕੇ ਕਰੀਬ ਢਾਈ ਮਹੀਨੇ ਹਿਰਾਸਤ ਵਿਚ ਰੱਖਣ ਤੋਂ ਬਾਅਦ ਲਾਪਤਾ ਕੀਤੇ ਜਾਣ ਦੇ ਮਾਮਲੇ ਵਿਚ ਸੀ.ਬੀ.ਆਈ. ਦੀ ਅਦਾਲਤ ਵਿਚ ਚੱਲ ਰਹੇ ਕੇਸ ਵਿਚੋਂ ਲਗਾਤਾਰ ਗੈਰ-ਹਾਜ਼ਰ ਰਹਿਣ 'ਤੇ ਸੀ. ਬੀ. ਆਈ. ਦੇ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਅਮਨਦੀਪ ਕੰਬੋਜ ਨੇ .ਏ ਆਈ. ਜੀ. ਜਗਦੀਪ ਸਿੰਘ ਨੂੰ ਭਗੌੜਾ ਕਰਾਰ ਦਿੱਤਾ ਹੈ । ਇਸ ਦੇ ਨਾਲ ਹੀ ਅਦਾਲਤ ਨੇ ਸੀ. ਬੀ. ਆਈ. ਨੂੰ ਹੁਕਮ ਜਾਰੀ ਕੀਤੇ ਹਨ ਕਿ ਉਸ ਦੀ ਚੱਲ ਅਤੇ ਅਚੱਲ ਜਾਇਦਾਦ ਬਾਰੇ ਪਤਾ ਕੀਤਾ ਜਾਵੇ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ ।ਪਿੰਡ ਪੰਜਵੜ੍ਹ ਨਿਵਾਸੀ ਸੇਵਾ ਮੁਕਤ ਫ਼ੌਜੀ ਬਲਦੇਵ ਸਿੰਘ ਨੇ ਦੱਸਿਆ ਕਿ ਖਾੜਕੂਵਾਦ ਦੇ ਦੌਰ ਵਿਚ 1992 ਵਿਚ ਜ਼ਿਲ੍ਹਾ ਤਰਨ ਤਾਰਨ ਵਿਚ ਉਸ ਸਮੇਂ ਦੇ ਡੀ. ਐਸ. ਪੀ. ਹੈੱਡਕੁਆਰਟਰ ਰਹੇ ਅਸ਼ੋਕ ਕੁਮਾਰ ਅਤੇ ਥਾਣਾ ਝਬਾਲ ਦੇ ਤਤਕਾਲੀ ਐੱਸ.ਐੱਚ.ਓ. ਜਗਦੀਪ ਸਿੰਘ ਨੇ ਉਨ੍ਹਾਂ ਦੇ ਪੰਜਵੜ੍ਹ ਪਿੰਡ ਸਥਿਤ ਘਰ ਵਿਚ ਛਾਪਾ ਮਾਰਿਆ ਅਤੇ ਘਰ ਵਿਚ ਮੌਜੂਦ ਉਸ ਦੀ ਇਕੱਲੀ ਮਾਤਾ ਮਹਿੰਦਰ ਕੌਰ ਨੂੰ ਘਰੋਂ ਚੁੱਕ ਕੇ ਲੈ ਗਏ ਅਤੇ ਕਰੀਬ ਢਾਈ ਮਹੀਨੇ ਪੁਲਿਸ ਹਿਰਾਸਤ ਵਿਚ ਰੱਖਿਆ ਅਤੇ ਬਾਅਦ ਵਿਚ ਲਾਪਤਾ ਕਰ ਦਿੱਤਾ । ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਨੁਮਾਇੰਦੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਉਨ੍ਹਾਂ ਦੇ ਸੰਗਠਨ ਦੇ ਚੇਅਰਮੈਨ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਵਲੋਂ 1994 ਵਿਚ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੁੱਕਿਆ ਸੀ, ਜਿਸ ਤੋਂ ਬਾਅਦ 13 ਸਤੰਬਰ 1994 ਨੂੰ ਹਾਈਕੋਰਟ ਵਲੋਂ ਸੀ.ਬੀ.ਆਈ. ਨੂੰ ਇਸ ਮਾਮਲੇ ਵਿਚ ਐੱਫ.ਆਈ.ਆਰ. ਜਾਰੀ ਕਰਕੇ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ ।ਸੀ.ਬੀ.ਆਈ. ਵਲੋਂ 4 ਨਵੰਬਰ 1994 ਨੂੰ ਸਾਬਕਾ ਡੀ.ਐਸ.ਪੀ. ਅਸ਼ੋਕ ਕੁਮਾਰ ਅਤੇ ਹੁਣ ਏ.ਆਈ.ਜੀ. ਵਜੋਂ ਸੇਵਾ ਮੁਕਤ ਹੋਏ ਜਗਦੀਪ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ 1997 ਨੂੰ ਚਲਾਨ ਅਦਾਲਤ ਵਿਚ ਜਮ੍ਹਾਂ ਕਰਵਾ ਦਿੱਤਾ ਸੀ।ਕਈ ਸਾਲ ਇਹ ਮਾਮਲਾ ਅਦਾਲਤਾਂ ਵਿਚ ਸਟੇਅ ਰਿਹਾ ਅਤੇ ਹੁਣ ਦੁਬਾਰਾ ਇਸ ਕੇਸ ਦੀ ਸੁਣਵਾਈ ਹੋਣ ਦੌਰਾਨ ਡੀ.ਐਸ. ਪੀ. ਅਸ਼ੋਕ ਕੁਮਾਰ ਦੀ ਮੌਤ ਹੋ ਚੁੱਕੀ ਹੈ, ਜਦਕਿ ਉਸ ਸਮੇਂ ਦੇ ਐੱਸ.ਐੱਚ.ਓ. ਅਤੇ ਹੁਣ ਸੇਵਾ ਮੁਕਤ ਏ.ਆਈ.ਜੀ. ਜਗਦੀਪ ਸਿੰਘ ਪਿਛਲੀਆਂ ਕੁਝ ਤਰੀਕਾਂ ਤੋਂ ਗੈਰ ਹਾਜ਼ਰ ਹੈ ।ਇਹ ਵੀ ਪਤਾ ਲੱਗਾ ਹੈ ਕਿ ਇਸ ਮਾਮਲੇ ਤੋਂ ਇਲਾਵਾ 1992 ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਰੂੜ ਸਿੰਘ ਵਾਸੀ ਮਾਣੋਚਾਹਲ ਸਮੇਤ ਚਾਰ ਨੌਜਵਾਨਾਂ ਨੂੰ ਪੁਲਿਸ ਮੁਕਾਬਲਾ ਦਿਖਾ ਕੇ ਮਾਰੇ ਜਾਣ ਦੇ ਮਾਮਲੇ ਵਿਚ ਵੀ ਸੀ.ਬੀ.ਆਈ. ਦੀ ਅਦਾਲਤ ਦੇ ਚੱਲ ਰਹੇ ਕੇਸਾਂ ਵਿਚ ਲਗਾਤਾਰ ਗੈਰ ਹਾਜ਼ਰ ਹੋਣ 'ਤੇ ਉਕਤ ਸਾਬਕਾ ਪੁਲਿਸ ਅਧਿਕਾਰੀ ਜਗਦੀਪ ਸਿੰਘ ਖ਼ਿਲਾਫ਼ ਭਗੌੜਾ ਕਰਾਰ ਦੇਣ ਦੀ ਕਾਰਵਾਈ ਚੱਲ ਰਹੀ ਹੈ । ਐਡਵੋਕੇਟ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਇਹ ਕੇਂਦਰੀ ਏਜੰਸੀਆਂ ਦੀ ਲਾਪ੍ਰਵਾਹੀ ਦਾ ਨਤੀਜਾ ਹੈ ਕਿ ਸੀ.ਬੀ.ਆਈ. ਦੇ ਮਾਮਲੇ ਵਿਚ ਨਾਮਜ਼ਦ ਇਕ ਪੁਲਿਸ ਅਧਿਕਾਰੀ ਕਿਵੇਂ ਆਪਣੀਆਂ ਜਾਇਦਾਦਾਂ ਵੇਚ ਕੇ ਵਿਦੇਸ਼ ਭੱਜ ਗਿਆ ਸੀ।

# ਇੰਗਲੈਂਡ ਦੇ ਸਿੱਖਾਂ ਵੱਲੋਂ ਭਾਰਤੀ ਹਾਈ ਕਮਿਸ਼ਨ ਬਰਮਿੰਘਮ ਸਾਹਮਣੇ ਜਬਰਦਸਤ ਰੋਸ ਪ੍ਰਦਰਸ਼ਨ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਅੰਦਰ ਸਿੱਖ ਨੌਜਵਾਨਾਂ ਦੀਆਂ ਵੱਡੇ ਪੱਧਰ ਤੇ ਹੋ ਰਹੀਆਂ ਗੈਰ ਕਾਨੂੰਨੀ ਗ੍ਰਿਫਤਾਰੀਆਂ ਅਤੇ ਉਨ੍ਹਾਂ ਉਤੇ ਪਾਏ ਝੂਠੇ ਕੇਸਾਂ ਦੇ ਖਿਲਾਫ ਇੰਗਲੈਂਡ ਦੀਆਂ ਪੰਥਕ ਜਥੇਬੰਦੀਆਂ ਸਿੱਖ ਸੰਸਥਾਵਾਂ ਤੇ ਇਨਸਾਫ਼ ਪਸੰਦ ਸੰਗਤਾਂ ਵਲੋਂ ਲੇਡੀਵੁੱਡ ਦੇ ਡਾਰਨਲੇ ਰੋਡ 'ਤੇ ਸਥਿਤ ਭਾਰਤੀ ਹਾਈ ਕਮਿਸ਼ਨ ਬਰਮਿੰਘਮ ਦੇ ਸਾਹਮਣੇ ਭਾਰੀ ਰੋਹ ਮੁਜਾਹਰਾ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਿਲ ਹੋਈਆਂ।ਵੱਖ ਵੱਖ ਸਿੱਖ ਆਗੂਆਂ ਨੇ ਭਾਰਤ ਦੀ ਫਾਸ਼ੀਵਾਦੀ ਮੋਦੀ ਸਰਕਾਰ ਤੇ ਬੇਅੰਤ ਸਿੰਘ ਦੀਆਂ ਲੀਹਾਂ ਤੇ ਚੱਲ ਰਹੀ ਭਗਵੰਤ ਮਾਨ ਅਤੇ ਕੇਜਰੀਵਾਲ ਦੀ ਸਰਕਾਰ ਵਲੋਂ ਕੀਤੀ ਗਈ ਅਣਮਨੁੱਖੀ ਕਾਰਵਾਈ ਦਾ ਵਿਰੋਧ ਕੀਤਾ।ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਸਿੱਖਾਂ ਵਿਰੁੱਧ ਵਿਆਪਕ ਸਰਕਾਰੀ ਜਬਰ ਕੀਤਾ ਗਿਆ ਹੈ ਅਤੇ ਪਹਿਲਾਂ ਇੰਟਰਨੈਟ ਸੰਚਾਰ ਨੂੰ ਵੱਡੇ ਪੱਧਰ 'ਤੇ ਕੱਟ ਦਿੱਤਾ ਗਿਆ ਸੀ।ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਰਕਾਰ ਨੇ ਰਾਜ ਵਿੱਚ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਤੋਂ ਬਾਅਦ ਜਨਤਕ ਇਕੱਠਾਂ 'ਤੇ ਸ਼ਿਕੰਜਾ ਕਸਿਆ ਗਿਆ ਹੈ।ਇਸ ਦੇ ਨਾਲ ਹੀ ਸਰਕਾਰੀ ਅੱਤਵਾਦ ਦਾ ਸ਼ਿਕਾਰ ਹੋ ਰਹੇ ਨੌਜਵਾਨਾਂ ਨਾਲ ਡੱਟ ਕੇ ਖੜ੍ਹਨ ਤੇ ਉਨ੍ਹਾਂ ਦੀ ਅਵਾਜ ਬਣ ਕੇ ਜ਼ੋਰਦਾਰ ਅਵਾਜ ਬੁਲੰਦ ਕਰਨ ਦਾ ਐਲਾਨ ਕੀਤਾ ਗਿਆ।ਉਨ੍ਹਾਂ ਕਿਹਾ ਕਿ "ਅਸੀਂ ਅੱਜ ਇੱਥੇ ਆਪਣੀ ਅਵਾਜ਼ ਬੁਲੰਦ ਕਰਨ ਅਤੇ ਉਨ੍ਹਾਂ ਲੋਕਾਂ ਦੇ ਨਾਲ ਖੜੇ ਹਾਂ ਜੋ ਇਸ ਬੇਇਨਸਾਫ਼ੀ ਵਿੱਚੋਂ ਲੰਘ ਰਹੇ ਹਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਹਾਂ।" ਬਰਮਿੰਘਮ ਦੇ ਰੋਸ ਮੁਜ਼ਾਹਰੇ ਵਿੱਚ "ਜਸਟਿਸ 4 ਸਿੱਖ", "ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਰਾਜਕੀ ਅੱਤਵਾਦ ਬੰਦ ਕਰੋ" ਸਮੇਤ ਤਖ਼ਤੀਆਂ ਫੜੇ ਪ੍ਰਦਰਸ਼ਨਕਾਰੀ ਦੇਖੇ ਗਏ। ਇਸ ਮੌਕੇ ਸਿੱਖ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਅਮਰੀਕ ਸਿੰਘ ਗਿੱਲ, ਮਨਜੀਤ ਸਿੰਘ ਸਮਰਾ, ਲਵਸ਼ਿੰਦਰ ਸਿੰਘ ਡੱਲੇਵਾਲ, ਜੋਗਾ ਸਿੰਘ, ਕੁਲਦੀਪ ਸਿੰਘ ਚਹੇੜੂ, ਮਨਪ੍ਰੀਤ ਸਿੰਘ ਡਰਬੀ, ਹਰਦੀਸ਼ ਸਿੰਘ ਪੱਤੜ ਤੇ ਹੋਰ ਬਹੁਤ ਸਾਰੇ ਸਿੱਖ ਆਗੂ ਹਾਜਰ ਸਨ।

# ਰੂਸ ਤੋਂ ਜਲਦ ਹੀ ਬਾਹਰ ਨਿਕਲਣ ਅਮਰੀਕੀ ਨਾਗਰਿਕ, ਵਾਲ ਸਟਰੀਟ ਜਰਨਲ ਦੇ ਪੱਤਰਕਾਰ ਦੀ ਗ੍ਰਿਫ਼ਤਾਰੀ 'ਤੇ ਵਾਈਟ ਹਾਊਸ ਦਾ ਬਿਆਨ

ਵਾਸ਼ਿੰਗਟਨ-ਰੂਸ ਦੁਆਰਾ ਡਬਲਿਊ. ਐਸ. ਜੇ. ਪੱਤਰਕਾਰ ਦੀ ਗ੍ਰਿਫਤਾਰੀ 'ਤੇ ਅਮਰੀਕਾ ਦਾ ਵ?ਹਾਈਟ ਹਾਊਸ ਦਾ ਬਿਆਨ ਵਾਲ ਸਟਰੀਟ ਜਰਨਲ ਦੇ ਰਿਪੋਰਟਰ ਨੂੰ ਰੂਸ ਦੁਆਰਾ ਗ੍ਰਿਫਤਾਰ ਕੀਤੇ ਜਾਣ ਤੋਂ ਇਕ ਦਿਨ ਬਾਅਦ ਆਇਆ ਹੈ। ਪਿਛਲੇ ਦਿਨੀਂ ਰੂਸ ਵਿੱਚ ਕੰਮ ਕਰ ਰਹੇ ਡਬਲਯੂਐਸਜੇ ਰਿਪੋਰਟਰ ਇਵਾਨ ਗਰਸ਼ਕੋਵਿਚ ਨੂੰ ਰੂਸੀ ਖੁਫ਼ੀਆ ਏਜੰਸੀ ਐਫਐਸਬੀ ਨੇ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਅਮਰੀਕਾ ਨੇ ਰੂਸ ਦੇ ਇਸ ਕਦਮ ਦੀ ਸਖ਼ਤ ਨਿੰਦਾ ਕੀਤੀ ਹੈ।ਗ੍ਰਿਫਤਾਰੀ 'ਤੇ ਵ?ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ ਪੀਅਰੇ ਨੇ ਕਿਹਾ ਕਿ ਅਮਰੀਕਾ ਰਿਪੋਰਟਰ ਦੀ ਨਜ਼ਰਬੰਦੀ ਦੀਆਂ ਪਰੇਸ਼ਾਨ ਕਰਨ ਵਾਲੀਆਂ ਖਬਰਾਂ ਤੋਂ ਬਹੁਤ ਚਿੰਤਤ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਜੋ ਬਿਡੇਨ ਵੀ ਇਸ ਨੂੰ ਲੈ ਕੇ ਚਿੰਤਤ ਹਨ। ਪ੍ਰੈਸ ਸਕੱਤਰ ਨੇ ਕਿਹਾ ਕਿ ਅਸੀਂ ਰੂਸੀ ਸਰਕਾਰ ਵੱਲੋਂ ਪੱਤਰਕਾਰਾਂ ਨੂੰ ਲਗਾਤਾਰ ਨਿਸ਼ਾਨਾ ਬਣਾਉਣ ਅਤੇ ਜਬਰ ਕਰਨ ਦੀ ਵੀ ਨਿੰਦਾ ਕਰਦੇ ਹਾਂ। ਉਸਨੇ ਅੱਗੇ ਕਿਹਾ ਕਿ ਅਮਰੀਕੀ ਵਿਦੇਸ਼ ਵਿਭਾਗ ਰੂਸੀ ਸਰਕਾਰ ਨਾਲ ਸਿੱਧੇ ਸੰਪਰਕ ਵਿੱਚ ਹੈ ਅਤੇ ਪੱਤਰਕਾਰ ਲਈ ਕੌਂਸਲਰ ਪਹੁੰਚ ਸੁਰੱਖਿਅਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੀ ਤਰਫੋਂ, ਪ੍ਰੈਸ ਸਕੱਤਰ ਨੇ ਕਿਹਾ, ''ਅਸੀਂ ਦੁਹਰਾਉਂਦੇ ਹਾਂ ਕਿ ਅਮਰੀਕੀਆਂ ਨੂੰ ਰੂਸ ਦੀ ਯਾਤਰਾ ਨਾ ਕਰਨ ਦੀ ਅਮਰੀਕੀ ਸਰਕਾਰ ਦੀ ਚੇਤਾਵਨੀ 'ਤੇ ਧਿਆਨ ਦੇਣਾ ਚਾਹੀਦਾ ਹੈ।'' ਜੀਨ ਪਿਅਰੇ ਨੇ ਕਿਹਾ, "ਰੂਸ ਵਿੱਚ ਰਹਿ ਰਹੇ ਜਾਂ ਯਾਤਰਾ ਕਰਨ ਵਾਲੇ ਅਮਰੀਕੀ ਨਾਗਰਿਕਾਂ ਨੂੰ ਤੁਰੰਤ ਛੱਡ ਦੇਣਾ ਚਾਹੀਦਾ ਹੈ, ਜਿਵੇਂ ਕਿ ਵਿਦੇਸ਼ ਵਿਭਾਗ ਨੇ ਪਹਿਲਾਂ ਸਲਾਹ ਦਿੱਤੀ ਸੀ। ਰੂਸ ਵਿੱਚ ਕਿਸੇ ਅਮਰੀਕੀ ਪੱਤਰਕਾਰ ਨੂੰ ਹਿਰਾਸਤ ਵਿੱਚ ਲਏ ਜਾਣ ਦਾ ਇਹ ਪਹਿਲਾ ਮਾਮਲਾ ਹੈ। ਪੱਤਰਕਾਰ ਨੂੰ ਜਾਸੂਸੀ ਲਈ ਵੱਧ ਤੋਂ ਵੱਧ 20 ਸਾਲ ਦੀ ਸਜ਼ਾ ਹੋ ਸਕਦੀ ਹੈ। ਰੂਸ ਦੀ ਖ਼ੁਫ਼ੀਆ ਏਜੰਸੀ ਸੰਘੀ ਸੁਰੱਖਿਆ ਸੇਵਾ (ਐੱਫ.ਐੱਸ.ਬੀ.) ਨੇ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ 31 ਸਾਲਾ ਰਿਪੋਰਟਰ ਨੂੰ ਯੇਕਾਟੇਰਿਨਬਰਗ ਦੇ ਉਰਲ ਸ਼ਹਿਰ 'ਚ ਅਮਰੀਕਾ ਲਈ ਕੰਮ ਕਰਨ ਦੇ ਦੋਸ਼ 'ਚ ਹਿਰਾਸਤ 'ਚ ਲਿਆ ਗਿਆ ਸੀ।

# ਹਿੰਦੂ ਰਾਸ਼ਟਰ ਦੀ ਮੰਗ ਹੋ ਸਕਦੀ ਹੈ ਤਾਂ ਖ਼ਾਲਿਸਤਾਨ ਦੀ ਮੰਗ ਕਿਉਂ ਨਹੀਂ:ਮਾਨ

ਚੰਡੀਗੜ੍ਹ:-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਖ਼ਾਲਿਸਤਾਨ ਹਮਾਇਤੀ ਅਮ੍ਰਿਤਪਾਲ ਸਿੰਘ ਦੀ ਭਾਲ ਵਿੱਚ ਪੰਜਾਬ ਪੁਲੀਸ ਲੱਗੀ ਹੋਈ ਹੈ।ਪੰਜਾਬ ਪੁਲਿਸ ਦੇ ਅਮ੍ਰਿਤਪਾਲ ਸਿੰਘ ਖਿਲਾਫ਼ ਐਕਸ਼ਨ 18 ਮਾਰਚ ਤੋਂ ਹੀ ਜਾਰੀ ਹੈ, ਉਨ੍ਹਾਂ ਦੇ ਕਈ ਸਾਥੀ ਗ੍ਰਿਫ਼ਤਾਰ ਤਾਂ ਹੋਏ ਪਰ ਅਮ੍ਰਿਤਪਾਲ ਤੱਕ ਪੁਲਿਸ ਫਿਲਹਾਲ ਪਹੁੰਚ ਨਹੀਂ ਸਕੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਮ੍ਰਿਤਪਾਲ ਸਿੰਘ ਦੇ ਸਰੰਡਰ ਕਰਨ ਦੀ ਗੱਲ ਉੱਤੇ ਬੋਲੇ।

ਮਾਨ ਨੇ ਖ਼ਬਰ ਏਜੰਸੀ ਏਐੱਨਆਈ ਨੂੰ ਕਿਹਾ, ''ਅਮ੍ਰਿਤਪਾਲ ਸਰੰਡਰ ਕਿਉਂ ਕਰੇ, ਸਿੱਖ ਸਰੰਡਰ ਨਹੀਂ ਰਦੇ।''

ਖ਼ਾਲਿਸਤਾਨ ਦੀ ਮੰਗ ਉੱਤੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਇੱਥੇ ਹਿੰਦੂ ਰਾਸ਼ਟਰ ਦੀ ਮੰਗ ਹੋ ਸਕਦੀ ਹੈ ਤਾਂ ਖ਼ਾਲਿਸਤਾਨ ਦੀ ਮੰਗ ਕਿਉਂ ਨਹੀਂ ਕੀਤੀ ਜਾ ਸਕਦੀ।


AujLawZ

Tax & Accounting Services

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla

604-504-1657, 604-835-3693

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4

Email:aujlagee@shaw.ca

0323





# .Ck Auto.

## CK AUTO SERVICES LTD.

SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE

NEW




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00




215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 7 ਅਪ੍ਰੈਲ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਆਨੰਦ ਕਾਰਜ ਹਰਜਿੰਦਰ ਸਿੰਘ ਧਾਰੀਵਾਲ ਅਤੇ ਪਰਿਵਾਰ ਵੱਲੋਂ
*ਸਵੇਰੇ 10 ਵਜੇ ਅਰੰਭ 2 ਸ੍ਰੀ ਅਖੰਡ ਪਾਠ ਸਾਹਿਬ
1. ਅੰਮ੍ਰਿਤਪਾਲ ਕੌਰ ਬਰਾੜ ਅਤੇ ਸਮੂਹ ਪਰਿਵਾਰ ਵੱਲੋਂ
2. ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਲੰਗਰ ਸੇਵਾਦਾਰ ਬੀਬੀਆਂ ਵੱਲੋਂ
*ਸਵੇਰੇ 11 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ.ਗੁਨਿੰਦਰ ਸਿੰਘ ਪਰਿਵਾਰ ਵਲੋਂ
*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਰਣਬੀਰ ਸਿੰਘ ਪਰਿਵਾਰ ਵਲੋਂ

### 8 ਅਪ੍ਰੈਲ ਦਿਨ ਸ਼ਨਿਚਰਵਾਰ

*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਮਾਨਵਜੋਤ ਸਿੰਘ ਪਰਿਵਾਰ ਵਲੋਂ ..
*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਲੰਗਰਾਂ ਦੀ ਸੇਵਾ ਬਲਦੇਵ ਸਿੰਘ ਭੁੱਲਰ ਪਰਿਵਾਰ ਵਲੋਂ
*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ, ਲੰਗਰਾਂ ਦੀ ਸੇਵਾ ਸੁਖਜੀਤ ਕੌਰ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹਰਪਿੰਦਰ ਪਾਲ ਸਿੰਘ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਅਮਰਜੀਤ ਸਿੰਘ ਪਰਿਵਾਰ ਵੱਲੋਂ
*ਦਾਹ ਸਸਕਾਰ ਦਰਸ਼ਨ ਲਾਲ ਡਾਂਗਰੀ 11 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 12.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਦਾਹ ਸਸਕਾਰ ਕਮਲਜੀਤ ਕੌਰ ਟਿਵਾਣਾ 2.30 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 2 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

### 9 ਅਪ੍ਰੈਲ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 2 ਸ੍ਰੀ ਅਖੰਡਪਾਠ ਸਾਹਿਬ
*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਖਰਾਜ ਸਿੰਘ ਪਰਿਵਾਰ ਵੱਲੋਂ
*ਸਵੇਰੇ 11 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਮਨਿੰਦਰ ਸਿੰਘ ਪਰਿਵਾਰ ਵੱਲੋਂ
*ਦਾਹ ਸਸਕਾਰ ਦਲਜੀਤ ਕੌਰ ਵਿਰਕ 2 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 3.30 ਵਜੇ ਸ੍ਰੀ ਸਹਿਜਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸਿਮਰਨਜੀਤ ਕੌਰ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਖਦੇਵ ਸਿੰਘ ਗਿੱਲ ਪਰਿਵਾਰ ਵੱਲੋਂ
*ਸ਼ਾਮ 5 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਜਗਦੇਵ ਸਿੰਘ ਧਾਲੀਵਾਲ ਪਰਿਵਾਰ ਵਲੋਂ
ਐਤਵਾਰ ਦਿਨ ਦੇ ਦੀਵਾਨ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਣਗੇ।

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਵੀ ਦਰਬਾਰ

**SUNDAY APR 09TH , 2023**

**6.30 TO 8.30 PM**

## ਐਤਵਾਰ 9 ਅਪ੍ਰੈਲ ਦੇ ਦੀਵਾਨ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋਣਗੇ



ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ, ਭਾਈ ਸੁਖਵਿੰਦਰ ਸਿੰਘ ਸਾਗਰ
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਹਰਪਾਲ ਸਿੰਘ ਦਾ ਜਥਾ

## ਕਥਾਵਾਚਕ

ਭਾਈ ਮਹਿੰਦਰ ਸਿੰਘ ਭੜੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

ਦੇਗ ਤੇਗ ਫਤਹਿ । ਪੰਥ ਕੀ ਜੀਤ ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5



## ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧ ਜਗੁ ਚਾਨਣੁ ਹੋਆ

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ
ਖਾਲਸਾ ਸਾਜਨਾ ਦਿਵਸ ਦੀ ਸਮੂਹ ਜਗਤ ਨੂੰ ਗੁਰਦੁਆਰਾ ਸਿੰਘ ਸਭਾ ਸਰੀ ਦੀਆਂ ਸੰਗਤਾਂ ਵੱਲੋਂ

## ਵੱਲੋਂ ਲੱਖ ਲੱਖ ਵਧਾਈ

ਇਹ ਸਾਰਾ ਹਫਤਾ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਜੋ ਕਿ ਪਹਿਲੀ ਵੈਸਾਖ ਨੂੰ ਹੈ
ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹੋਵੇਗਾ।

12 ਅਪ੍ਰੈਲ ਦਿਨ ਬੁੱਧਵਾਰ ਸਵੇਰੇ 9.30 ਵਜੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ
14 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ।

**9 ਅਪ੍ਰੈਲ ਦਿਨ ਐਤਵਾਰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ**
**ਬਾਅਦ ਦੁਪਹਿਰ 12 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਵੇਗੀ**

10 ਅਪ੍ਰੈਲ ਦਿਨ ਸੋਮਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਕਨੇਡਾ ਦੇ ਜੰਮਪਲ ਬੱਚੇ ਭਾਗ ਲੈਣਗੇ।

11 ਅਪ੍ਰੈਲ ਦਿਨ ਮੰਗਲਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੇ ਜਥੇ ਭਾਗ ਲੈਣਗੇ
1. ਢਾਡੀ ਜਥਾ ਭਾਈ ਵਰਿੰਦਰ ਸਿੰਘ ਵਾਰਸ ਸੁਲਤਾਨਪੁਰ ਲੋਧੀ ਵਾਲੇ
2. ਢਾਡੀ ਜਥਾ ਭਾਈ ਇੰਦਰਜੀਤ ਸਿੰਘ ਬਜੂਹਾ 3. ਢਾਡੀ ਜਥਾ ਭਾਈ ਬਖਸ਼ੀਸ਼ ਸਿੰਘ ਰਾਣੀਵਲਹਾ ਵਾਲੇ

12 ਅਪ੍ਰੈਲ ਦਿਨ ਬੁੱਧਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕਥਾ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੇ ਕਥਾਵਾਚਕ ਭਾਗ ਲੈਣਗੇ
1. ਗਿਆਨੀ ਨਿਸ਼ਾਨ ਸਿੰਘ ਜੀ ਨਾਨਕ ਮਤੇ ਵਾਲੇ 2. ਗਿਆਨੀ ਨਛੱਤਰ ਸਿੰਘ ਜੀ ਭਾਂਬੜੀ 3. ਗਿਆਨੀ ਗੁਰਸ਼ਰਨ ਸਿੰਘ ਜੀ ਚੀਮਾ 4. ਬੀਬੀ ਕਮਲਜੀਤ ਕੌਰ

13 ਅਪ੍ਰੈਲ ਦਿਨ ਵੀਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੇ ਜਥੇ ਭਾਗ ਲੈਣਗੇ
1. ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲੇ 2. ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
3. ਭਾਈ ਜਸਵਿੰਦਰ ਸਿੰਘ ਅੰਮ੍ਰਿਤਸਰ ਵਾਲੇ 4. ਭਾਈ ਹਰਭਜਨ ਸਿੰਘ ਜਲੰਧਰ ਵਾਲੇ

ਇਹਨਾਂ ਦਿਨਾਂ ਵਿਚ ਕਿਸੇ ਵੀ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ
ਫੋਨ:604-590-3232, 778-995-0563, 604-992-7423, 778-908-3221

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*6 ਅਪ੍ਰੈਲ ਦਿਨ ਵੀਰਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*7 ਅਪ੍ਰੈਲ ਦਿਨ ਸ਼ੁੱਕਰਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*7 ਅਪ੍ਰੈਲ ਦਿਨ ਸ਼ੁੱਕਰਵਾਰ ਗੁਰੂਘਰ ਵਿਖੇ ਅਖੰਡਪਾਠ ਸਾਹਿਬ ਦੀ ਅਰੰਭਤਾ ਹੋਵੇਗੀ।

*7 ਅਪ੍ਰੈਲ ਦਿਨ ਸ਼ੁੱਕਰਵਾਰ ਮਨਦੀਪ ਕੌਰ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*8 ਅਪ੍ਰੈਲ ਦਿਨ ਸ਼ਨਿਚਰਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*8 ਅਪ੍ਰੈਲ ਦਿਨ ਸ਼ਨਿਚਰਵਾਰ ਸੁਖਮਨੀ ਸਾਹਿਬ ਦੀ ਪਾਠ ਹੋਣਗੇ।

*8 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸ. ਬਲਦੇਵ ਸਿੰਘ ਬਰਾੜ ਪਰਿਵਾਰ ਵੱਲੋਂ ਹੋਵੇਗੀ।

*9 ਅਪ੍ਰੈਲ ਦਿਨ ਐਤਵਾਰ ਗੁਰੂਘਰ ਵਿਖੇ ਸ. ਚਮਕੌਰ ਸਿੰਘ ਗਿੱਲ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*10 ਅਪ੍ਰੈਲ ਦਿਨ ਸੋਮਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*12 ਅਪ੍ਰੈਲ ਦਿਨ ਬੁੱਧਵਾਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿਚ ਸਮੂਹ ਸੰਗਤ ਅਤੇ ਕਮੇਟੀ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*14 ਅਪ੍ਰੈਲ ਦਿਨ ਸ਼ੁੱਕਰਵਾਰ ਸ. ਪਰਮ ਸਿੰਘ ਗਿੱਲ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*14 ਅਪ੍ਰੈਲ ਦਿਨ ਸ਼ੁੱਕਰਵਾਰ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਵਿਸ਼ੇਸ਼ ਦੀਵਾਨ ਸਜਣਗੇ।

*15 ਅਪ੍ਰੈਲ ਦਿਨ ਸ਼ਨਿਚਰਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*16 ਅਪ੍ਰੈਲ ਦਿਨ ਐਤਵਾਰ ਗੁਰੂਘਰ ਵਿਖੇ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ।

*16 ਅੂਪ੍ਰੈਲ ਦਿਨ ਐਤਵਾਰ ਗੁਰੂਘਰ ਵਿਖੇ ਸ. ਮੇਜਰ ਸਿੰਘ ਦਸੌਂਦਾ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*16 ਅਪ੍ਰੈਲ ਦਿਨ ਐਤਵਾਰ ਗੁਰੂਘਰ ਵਿਖੇ ਰਣਜੀਤ ਕੌਰ ਵਿਰਕ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਰਸ਼ਵਿੰਦਰ ਸਿੰਘ ਜਲੰਧਰ ਵਾਲੇ, ਭਾਈ ਗੁਰਦੀਪ ਸਿੰਘ ਮੁਕਤਸਰ ਸਾਹਿਬ ਵਾਲੇ

*ਕਥਾ ਵਾਚਕ -ਭਾਈ ਮੋਹਕਮ ਸਿੰਘ ਜੀ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨੈਵਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)

# ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਲੱਖਾ ਸਿਧਾਣਾ ਜਾ ਰਿਹੈ ਪਿੰਡ-ਪਿੰਡ

ਸਾਦਿਕ(ਅਨੂੰ ਨਰੂਲਾ)-ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਲੱਖਾ ਸਿਧਾਣਾ ਵੱਲੋਂ ਲਗਾਤਾਰ ਸੰਘਰਸ਼ ਜਾਰੀ ਹੈ ਤੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਕੇ ਜਾਗਰੂਕ ਕਰ ਰਿਹਾ ਹੈ।



ਲਖਵੀਰ ਸਿੰਘ ਲੱਖਾ ਸਿਧਾਣਾ ਕਿਹਾ ਕਿ ਪਵਿੱਤਰ ਗੁਰਬਾਣੀ ਵਿੱਚ ਵੀ ਪਾਣੀ ਦੀ ਮਹੱਤਤਾ ਬਾਰੇ ਲਿਖਿਆ ਹੈ ਕਿ ਪਾਣੀ ਹੀ ਜੀਵਨ ਹੈ।ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਦੌਲਤਾਂ ਛਡ ਰਹੇ ਹਾਂ, ਮਹਿਲ ਛੱਡ ਰਹੇ ਹਾਂ ਪਰ ਪਾਣੀ ਕਿੰਨਾਂ ਛੱਡਿਆ, ਇਹ ਵਿਚਰਨ ਦੀ ਲੋੜ ਹੈ।ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਅਸੀਂ ਪੰਜਾਬੀ ਮਾਂ ਬੋਲੀ, ਧਰਤੀ ਦੀ ਗਣਵੱਤਾ ਤੇ ਹਵਾ ਕਿਹੋ ਜਿਹੀ ਛੱਡ ਕੇ ਜਾਣੀ ਹੈ। ਜਿੰਨਾਂ ਕਰਕੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੇ ਜਿਉਂਦੇ ਰਹਿਣਾ ਹੈ।ਦੌਲਤਾਂ ਕਰਕੇ ਨਹੀਂ।

ਅਸੀਂ ਹੋਕਾ ਦੇ ਰਹੇ ਹਾਂ ਕਿ ਜੇ ਨਾ ਰਿਹਾ ਪਾਣੀ ਤਾਂ ਖਤਮ ਕਹਾਣੀ।

ਉੱਠੋ ਲੋਕੋ ਸਮਾਂ ਬੜਾ ਭਿਆਨਕ ਹੈ ਸਾਡੇ ਕੁਦਰਤੀ ਵਸੀਲੇ ਸਾਥੋਂ ਖੋਹੇ ਜਾ ਰਹੇ ਹਨ। ਅਗਰ ਅੱਜ ਅਸੀਂ ਆਪਣੇ ਹੱਕਾਂ ਲਈ ਨਾ ਜਾਗੇ ਤਾਂ ਫਿਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਰਬਾਦੀ ਦੇ ਰਾਹ ਪੱਧਰੇ ਕਰ ਰਹੇ ਹਾਂ।

# ਬੇਕਸੂਰ ਨੌਜਵਾਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਸ਼੍ਰੋਮਣੀ ਕਮੇਟੀ ਨੇ ਕੱਢਿਆ ਰੋਸ ਮਾਰਚ


ਅੰਮ੍ਰਿਤਸਰ (ਨਿਰਮਲ ਸਿੰਘ ਚੌਹਾਨ)-ਪੰਜਾਬ ਅੰਦਰ ਸ. ਅੰਮ੍ਰਿਤਪਾਲ ਸਿੰਘ ਦੇ ਮਾਮਲੇ ’ਚ ਬੇਕਸੂਰ ਨੌਜੁਆਨਾਂ ਦੀ ਗ੍ਰਿਫ਼ਤਾਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਅਤੇ ਆਭਾ ਨੂੰ ਠੇਸ ਪਹੁੰਚਾਉਣ ਵਾਲੀਆਂ ਕੀਤੀਆਂ ਟਿੱਪਣੀਆਂ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਵਿਸ਼ਾਲ ਰੋਸ ਮਾਰਚ ਆਯੋਜਤ ਕੀਤਾ ਗਿਆ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਾਂ ’ਤੇ ਲਿਖਿਆ ਇਕ ਮੈਮੋਰੰਡਮ ਵੀ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਗਿਆ। ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਇਸ ਮੌਕੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਅਹੁਦੇਦਾਰ, ਮੈਂਬਰ, ਅਧਿਕਾਰੀ, ਕਰਮਚਾਰੀ, ਰਾਗੀ, ਢਾਡੀ, ਕਵੀਸ਼ਰ ਜਥੇ ਅਤੇ ਪ੍ਰਚਾਰਕ ਸ਼ਾਮਲ ਹੋਏ। ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਤੋਂ ਆਰੰਭ ਹੋਏ ਰੋਸ ਮਾਰਚ ਦੌਰਾਨ ਹਾਜ਼ਰ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਮੁਲਾਜ਼ਮਾਂ ਨੇ ਸਤਿਨਾਮ ਵਾਹਿਗੁਰੂ ਜਾਪ ਕਰਦਿਆਂ ਸਥਾਨਕ ਕਚਹਿਰੀ ਚੌਂਕ ਵਿਖੇ ਪੁੱਜ ਕੇ ਸੰਕੇਤਕ ਰੂਪ ਵਿਚ ਧਰਨਾ ਦਿੱਤਾ। ਇਥੋਂ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਡਿਪਟੀ ਕਮਿਸ਼ਨਰ ਦਫ਼ਤਰ ਪੁੱਜੇ, ਜਿਥੇ ਉਨ੍ਹਾਂ ਨੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ ਨੂੰ ਮੈਮੋਰੰਡਮ ਸੌਂਪਿਆ।



# ਰਾਮਨੌਮੀ ਹਿੰਸਾ:ਜਦੋਂ ਵੀ ਕਮਜ਼ੋਰ ਹੁੰਦੀ ਹੈ ਭਾਜਪਾ, ਕਰਵਾਉਂਦੀ ਹੈ ਅਜਿਹੇ ਕੰਮ:ਕਾਂਗਰਸ

ਨਵੀਂ ਦਿੱਲੀ- ਰਾਮਨੌਮੀ ’ਤੇ ਦੇਸ਼ ਦੇ ਕਈ ਸੂਬਿਆਂ ’ਚ ਭੜਕੀ ਹਿੰਸਾ ਕਾਰਨ ਸਿਆਸਤ ਵੀ ਤੇਜ਼ ਹੋ ਗਈ ਹੈ।ਵਿਰੋਧੀ ਧਿਰ ਇਸ ਮੁੱਦੇ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਲਗਾਤਾਰ ਘੇਰ ਰਹੀ ਹੈ। ਇਸ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ’ਤੇ ਸਵਾਲ ਖੜ੍ਹੇ ਕੀਤੇ ਹਨ। ਮਲਿਕਾਰਜੁਨ ਖੜਗੇ ਨੇ ਕਿਹਾ ਕਿ ਜਦੋਂ ਵੀ ਭਾਜਪਾ ਕਮਜ਼ੋਰ ਹੁੰਦੀ ਹੈ ਤਾਂ ਉਹ ਅਜਿਹੇ ਦੰਗੇ ਕਰਵਾਉਂਦੀ ਹੈ ਅਤੇ ਲੋਕਾਂ ’ਚ ਫੁੱਟ ਪਾਉਣ ਦਾ ਕੰਮ ਕਰਦੀ ਹੈ।ਇਹ ਸਿਰਫ਼ ਭਾਜਪਾ ਦਾ ਹੀ ਕੰਮ ਹੈ। ਉੱਥੇ ਹੀ ਊਧਵ ਠਾਕਰੇ ਧੜੇ ਦੇ ਨੇਤਾ ਸੰਜੇ ਰਾਊਤ ਨੇ ਵੀ ਰਾਮਨੌਮੀ ’ਤੇ ਹੋਈ ਹਿੰਸਾ ਨੂੰ ਲੈ ਕੇ ਭਾਜਪਾ ਨੂੰ ਘੇਰਿਆ ਹੈ।ਉਨ੍ਹਾਂ ਕਿਹਾ ਕਿ ਬੰਗਾਲ ਵਿਚ ਹੋ ਰਹੀ ਹਿੰਸਾ ਭਾਜਪਾ ਦੁਆਰਾ ਯੋਜਨਾਬੱਧ, ਸਪਾਂਸਰ ਤੇ ਨਿਸ਼ਾਨਾ ਹੈ। ਜਿੱਥੇ ਵੀ ਚੋਣਾਂ ਨੇੜੇ ਹਨ ਤੇ ਭਾਜਪਾ ਨੂੰ ਹਾਰ ਦਾ ਡਰ ਹੈ ਜਾਂ ਜਿੱਥੇ ਭਾਜਪਾ ਸਰਕਾਰ ਕਮਜ਼ੋਰ ਹੈ, ਉੱਥੇ ਦੰਗੇ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਰਾਮਨੌਮੀ ’ਤੇ ਬੰਗਾਲ, ਬਿਹਾਰ ਅਤੇ ਝਾਰਖੰਡ ਦੇ ਕਈ ਇਲਾਕਿਆਂ ’ਚ ਹਿੰਸਾ ਦੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ, ਜਿਸ ਤੋਂ ਬਾਅਦ ਸਰਕਾਰਾਂ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਲਈ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ। ਉੱਥੇ ਹੀ ਸੰਵੇਦਨਸ਼ੀਲ ਇਲਾਕਿਆਂ ’ਚ ਚੱਪੇ-ਚੱਪੇ ’ਤੇ ਸਖ਼ਤ ਪਹਿਰਾ ਹੈ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਉੱਘੇ ਸ਼ਾਇਰ ਗੁਰਭਜਨ ਸਿੰਘ ਗਿੱਲ ਦਾ ਨੰਦ ਲਾਲ ਨੂਰਪੁਰੀ ਪੁਰਸਕਾਰ ਨਾਲ ਸਨਮਾਨ

## ਮਾਡਲ ਹਾਊਸ ਜਲੰਧਰ ਦਾ ਨਾਮ ਨੰਦ ਲਾਲ ਨੂਰਪੁਰੀ ਨਗਰ ਕੀਤਾ ਜਾਵੇ:ਗੁਰਭਜਨ ਗਿੱਲ



ਜਲੰਧਰ:-ਪੰਜਾਬੀ ਸਾਹਿਤ ਦੇ ਖੇਤਰ 'ਚ ਨੰਦ ਲਾਲ ਨੂਰਪੁਰੀ ਦਾ ਯੋਗਦਾਨ ਬੇਮਿਸਾਲ ਹੈ। ਉਨ੍ਹਾਂ ਦੇ ਗੀਤਾਂ ਦੀ ਧੂੰਮ ਬਾਲੀਵੁੱਡ ਤੱਕ ਪੈਂਦੀ ਰਹੀ ਹੈ ਤੇ ਜਿੱਥੇ ਪ੍ਰਸਿੱਧ ਗਾਇਕ ਮੁਹੰਮਦ ਰਫੀ ਤੋਂ ਲੈ ਕੇ ਗਾਇਕਾ ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸ਼ਲੇ ਵਰਗੀਆਂ ਨਾਮਵਰ ਗਾਇਕਾਵਾਂ ਵਲੋਂ ਉਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਗਈ ਉੱਥੇ ਪੰਜਾਬੀ ਦੀਆਂ ਨਾਮਵਰ ਗਾਇਕਾਵਾਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਸਮੇਤ ਹੋਰਨਾਂ ਗਾਇਕਾਂ ਦੀ ਆਵਾਜ਼ 'ਚ ਵੀ ਉਨ੍ਹਾਂ ਦੇ ਗੀਤਾਂ ਅਕਸਰ ਰੇਡੀਓ 'ਤੇ ਗੂੰਜਦੇ ਰਹੇ ਹਨ। ਨੰਦ ਲਾਲ ਨੂਰਪੁਰੀ ਕਵੀ ਦਰਬਾਰਾਂ ਦੀ ਵੀ ਸ਼ਾਨ ਹੋਇਆ ਕਰਦੇ ਸਨ ਤੇ ਅਕਸਰ ਕਵੀ ਦਰਬਾਰਾਂ 'ਚ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਜਾਂਦਾ ਸੀ ਪਰ ਜਿਸ ਤਰ੍ਹਾਂ ਦਾ ਮਾਣ ਸਨਮਾਨ ਇਸ ਮਹਾਨ ਸ਼ਾਇਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ, ਉਹ ਉਨ੍ਹਾਂ ਨੂੰ ਨਸੀਬ ਨਹੀਂ ਹੋ ਸਕਿਆ। ਸਮੇਂ ਦੀਆਂ ਸਰਕਾਰਾਂ ਨਾਲ ਇਹ ਗਿਲਾ ਅੱਜ ਲੋਕ ਮੰਚ ਪੰਜਾਬ ਵਲੋਂ ਹੰਸ ਰਾਜ ਮਹਿਲਾ ਮਹਾਂਵਿਦਿਆਲਾ ਜਲੰਧਰ ਵਿਖੇ ਕਰਵਾਏ ਇਕ ਪ੍ਰਭਾਵਸ਼ਾਲੀ ਸਮਾਗਮ 'ਚ ਉੱਘੇ ਸ਼ਾਇਰ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਪਹਿਲਾ ਨੰਦ ਲਾਲ ਨੂਰਪੁਰੀ ਪੁਰਸਕਾਰ ਜਿਸ ਵਿਚ ਸਨਮਾਨ ਪੱਤਰ ਤੇ ਯਾਦਗਾਰੀ ਚਿੰਨ੍ਹ ਤੋਂ ਇਲਾਵਾ ਇਕ ਲੱਖ ਰੁਪਏ ਸ਼ਾਮਿਲ ਹਨ,ਪ੍ਰਦਾਨ ਕਰਨ ਤੋਂ ਬਾਅਦ ਕਰਦਿਆਂ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਨੰਦ ਲਾਲ ਨੂਰਪੁਰੀ ਦਾ ਆਖਰੀ ਸਮਾਂ ਬੇਹੱਦ ਤੰਗੀ ਤੁਰਸ਼ੀ 'ਚ ਗੁਜ਼ਰਿਆ ਤੇ ਉਨ੍ਹਾਂ ਦੀ ਮੌਤ ਵੀ ਬਹੁਤ ਹੀ ਦੁਖਦਾਈ ਢੰਗ ਨਾਲ ਹੋਈ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਪੰਜਾਬੀ ਸਾਹਿਤ ਦੇ ਖੇਤਰ 'ਚ ਉਨ੍ਹਾਂ ਦੇ ਯੋਗਦਾਨ ਨੂੰ ਵੀ ਪੂਰੀ ਤਰ੍ਹਾਂ ਨਾਲ ਵਿਸਾਰ ਦਿੱਤਾ ਗਿਆ। ਉਨ੍ਹਾਂ ਸਰਕਾਰਾਂ ਦੇ ਨਾਲ ਨਾਲ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨੰਦ ਲਾਲ ਨੂਰਪੁਰੀ ਦੀ ਯਾਦ 'ਚ ਕੋਈ ਢੁੱਕਵੀਂ ਸਰਗਰਮੀ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਇਹ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਉੱਥੇ ਇਹ ਸਰਗਰਮੀ ਨੌਜਵਾਨਾਂ ਅੰਦਰ ਉਤਸ਼ਾਹ ਭਰਦੀ ਹੋਈ, ਉਨ੍ਹਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ 'ਚ ਵੀ ਅਹਿਮ ਯੋਗਦਾਨ ਪਾ ਸਕੇਗੀ। ਇਸ ਮੌਕੇ ਉਨ੍ਹਾਂ ਨੰਦ ਲਾਲ ਨੂਰਪੁਰੀ ਦੀਆਂ ਰਚਨਾਵਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਉੱਚ ਕੋਟੀ ਦੇ ਸ਼ਾਇਰ ਸਨ ਤੇ ਉਨ੍ਹਾਂ ਦੇ ਗੀਤ ਤੇ ਕਵਿਤਾਵਾਂ ਪੰਜਾਬੀ ਸੱਭਿਆਚਾਰ ਦੀ ਅਸਲ ਤਰਜ਼ਮਾਨੀ ਕਰਦੀਆਂ ਹਨ। ਇਸ ਮੌਕੇ ਉਨ੍ਹਾਂ ਇਸ ਉਪਰਾਲੇ ਲਈ ਲੋਕ ਮੰਚ ਸੰਸਥਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਉੱਦਮ ਨਾਲ ਹੋਰਨਾਂ ਲੇਖਕਾਂ, ਕਵੀਆਂ ਤੇ ਸ਼ਾਇਰਾਂ ਨੂੰ ਵੀ ਉਤਸ਼ਾਹ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਐਚ. ਐਮ. ਵੀ. ਕਾਲਜ ਵਲੋਂ ਪ੍ਰਿੰਸੀਪਲ ਡਾ. ਅਜੇ ਸਰੀਨ ਦੀ ਅਗਵਾਈ ਹੇਠ ਸਿੱਖਿਆ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਨੂੰ ਵੀ ਸਰਾਹਿਆ। ਇਸ ਮੌਕੇ ਡਾ. ਹਮਦਰਦ ਨੇ ਹਾਜ਼ਰੀਨ ਦੀ ਜ਼ੋਰਦਾਰ ਮੰਗ 'ਤੇ ਬਾਬਾ ਬੁੱਲ੍ਹੇ ਸ਼ਾਹ ਦੇ ਕਲਾਮ 'ਮੈਂ ਕਸੁੰਭੜਾ ਚੁਣ-ਚੁਣ ਹਾਰੀ' ਅਤੇ 'ਅੱਜ ਪੀ ਘਰ ਆਇਆ ਲਾਲ ਨੀ' ਆਪਣੀ ਸੋਜ਼ਮਈ ਆਵਾਜ਼ 'ਚ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਸੁਰਮਈ ਬਣਾ ਦਿੱਤਾ। ਇਸ ਤੋਂ ਪਹਿਲਾਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਆਪਣੇ ਸਾਹਿਤਕ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਦੇਸ਼ ਵੰਡ ਦੇ ਦੁਖਾਂਤ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਹੈ ਤੇ ਉਸ ਸਮੇਂ ਹੋਈ ਕਤਲੋਗਾਰਦ 'ਚ ਉਨ੍ਹਾਂ ਨੂੰ ਕਈ ਆਪਣਿਆਂ ਨੂੰ ਗੁਆਉਣਾ ਪਿਆ ਤੇ ਉਸ ਸਮੇਂ ਦੀਆਂ ਕੁਲਹਿਣੀਆਂ ਯਾਦਾਂ ਅੱਜ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸੰਵੇਦਨਾ ਤੇ ਵੇਦਨਾ ਸੁਮੇਲ ਹੀ ਉਨ੍ਹਾਂ ਦੀ ਸ਼ਾਇਰੀ ਦੀ ਅਸਲ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਉਹ ਗੁਰੂ ਨਾਨਕ, ਬਾਬਾ ਫਰੀਦ ਤੇ ਬਾਬਾ ਬੁੱਲ੍ਹੇ ਸ਼ਾਹ ਸਮੇਤ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ,ਸ਼ਿਵ ਕੁਮਾਰ ਬਟਾਲਵੀ ਤੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ, ਤੋਂ ਵੀ ਬੇਹੱਦ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਮਾਡਲ ਹਾਊਸ ਜਲੰਧਰ ਦਾ ਨਾਮ ਨੰਦ ਲਾਲ ਨੂਰਪੁਰੀ ਨਗਰ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਜਾਵੇ। ਇਸ ਸਬੰਧੀ ਸਭ ਹਾਜ਼ਰ ਵਿਅਕਤੀਆਂ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ।





# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਭਗਤ ਪੀਪਾ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਸਾਹਿਬਜਾਦਾ ਜੁਝਾਰ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ ਅਤੇ ਨਗਰ ਰਾਉਕੇ ਕਲਾਂ ਜ਼ਿਲ੍ਹਾ ਮੋਗਾ ਦੀਆਂ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। ਇਹ ਅਖੰਡਪਾਠ ਸਾਹਿਬ 7 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 9 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*7 ਅਪ੍ਰੈਲ ਦਿਨ ਸ਼ੁੱਕਰਵਾਰ ਬੇਟੀ ਜਸ਼ਨਪ੍ਰੀਤ ਕੌਰ ਅਤੇ ਕਾਕਾ ਗਗਨਦੀਪ ਦਾ ਸ਼ੁੱਭ ਅਨੰਦਕਾਰਜ ਹੋਵੇਗਾ।

*8 ਅਪ੍ਰੈਲ ਦਿਨ ਸ਼ਨਿਚਰਵਾਰ ਕਾਕਾ ਸਿਮਰਨਜੀਤ ਅਤੇ ਬੇਟੀ ਮਨਪ੍ਰੀਤ ਕੌਰ ਦਾ ਅਨੰਦਕਾਰਜ ਹੋਵੇਗਾ।

*8 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਅਜਮੇਰ ਸਿੰਘ ਮਿਨਹਾਸ ਪਰਿਵਾਰ ਵੱਲੋਂ
2. ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ

*9 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਸਿਮਰਹਜੀਤ ਸਿੰਘ ਪਰਿਵਾਰ ਵੱਲੋਂ
2. ਭਾਈ ਤੇਜਾ ਸਿੰਘ ਅਤੇ ਬੀਬੀ ਹਰਜੀਤ ਕੌਰ ਪਰਿਵਾਰ ਵੱਲੋਂ

*10 ਅਪ੍ਰੈਲ ਦਿਨ ਸੋਮਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਨਵੀਨ ਸਿੰਘ ਸਿੱਧੂ ਪਰਿਵਾਰ ਵੱਲੋਂ ਹੋਵੇਗੀ।

**9 ਅਪ੍ਰੈਲ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਵੇਗੀ।**


**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ





# ਥਾਇਰੌਇਡ ਗ੍ਰੰਥੀ ਦੀਆਂ ਸਮੱਸਿਆਵਾਂ ਅਤੇ ਹੋਮਿਓਪੈਥਿਕ

ਨੋਟ: ਕਨੇਡੀਅਨ ਸੋਸਾਇਟੀ ਆਫ ਹੋਮਿਓਪੈਥਸ ਵੱਲੋਂ, ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਅਪ੍ਰੈਲ ਦਾ ਮਹੀਨਾ ਹੋਮਿਓਪੈਥੀ ਜਾਗਰੁਕਤਾ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ। ਵੈਸਟ ਕੋਸਟ ਸੋਸਾਇਟੀ ਆਫ ਹੋਮਿਓਪੈਥਸ ਦੀ ਰਹਿਨੁਮਾਈ ਹੇਠ ਇਸ ਸਾਲ ਸਰ੍ਹੀ ਵਿਖੇ, 23 ਅਪ੍ਰੈਲ ਨੂੰ, ਵਿਸਾਖੀ ਨਗਰ ਕੀਰਤਨ ਦੌਰਾਨ ਮੇਰੇ ਵੱਲੋਂ ਇੱਕ ਇਨਫ਼ਾਰਮੇਸ਼ਨ ਬੂਥ, 81 ਐਵਿਨਿਊ ਅਤੇ 128 ਸਟ੍ਰੀਟ ਵਿਖੇ, ਲਗਾਇਆ ਜਾਵੇਗਾ। ਤੁਸੀਂ ਆ ਕੇ ਆਪਣੀਆਂ ਸਿਹਤ ਸਮੱਸਿਆਵਾਂ ਦੇ ਹੋਮਿਓਪੈਥਿਕ ਇਲਾਜ ਬਾਰੇ ਮੁਫ਼ਤ ਸਲਾਹ ਲੈ ਸਕੋਗੇ।

ਥਾਇਰੌਇਡ ਗ੍ਰੰਥੀ ਗਰਦਨ ਦੇ ਸਾਹਮਣੇ ਅਤੇ ਬਿਲਕੁਲ ਵਿਚਾਲੇ ਸਥਿਤ ਤਿਤਲੀ ਦੀ ਸ਼ਕਲ ਵਰਗਾ ਅੰਗ ਹੈ। ਇਹ ਗ੍ਰੰਥੀ ਸਰੀਰ ਦੇ ਕਈ ਹੋਰ ਅੰਗਾਂ ਅਤੇ ਸਰੀਰਕ ਕ੍ਰਿਆਵਾਂ ਨਾਲ ਡੂੰਘਾ ਸੰਬੰਧ ਰੱਖਦੀ ਹੈ।ਜੇ ਗਰਦਨ ਵਿੱਚ ਸਾਹਮਣੇ ਗਿੱਲੜ ਬਣ ਜਾਵੇ ਤਾਂ ਪੀੜਤ ਵਿਅਕਤੀ ਦੀ ਦਿੱਖ ਉੱਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਥਾਇਰੌਇਡ ਦੇ ਹਾਰਮੋਨਾਂ ਨੂੰ ਟੀ3 (ਟ੍ਰਾਈਆਇਡੋਥਰਾਇਨੋਨਿਨ) ਅਤੇ ਟੀ4 (ਥਾਇਰੌਕਸਿਨ) ਆਖਿਆ ਜਾਂਦਾ ਹੈ।ਇਹ ਹਾਰਮੋਨ ਸਰੀਰ ਦੇ ਸੈੱਲਾਂ ਨੂੰ ਊਰਜਾ ਪ੍ਰਦਾਨ ਕਰਦੇ ਹਨ। ਆਇਓਡੀਨ ਭੋਜਨ ਜਾਂ ਪਾਣੀ ਰਾਹੀਂ ਸਾਡੇ ਸਰੀਰ ਦੇ ਅੰਦਰ ਜਾਂਦੀ ਹੈ।ਆਇਓਡੀਨ ਤੱਤ ਥਾਇਰੌਇਡ ਦੇ ਵਿਕਾਸ ਅਤੇ ਹਾਰਮੋਨਾਂ ਦੇ ਬਣਨ ਲਈ ਜ਼ਰੂਰੀ ਹਨ।

ਜਦੋਂ ਥਾਇਰੌਇਡ ਗ੍ਰੰਥੀ ਸੁੱਜ ਕੇ ਵਧ ਜਾਂਦੀ ਹੈ ਤਾਂ ਇਸ ਨੂੰ ਗਿੱਲੜ ਕਿਹਾ ਜਾਂਦਾ ਹੈ। ਇਸ ਸੋਜਿਸ਼ ਜਾਂ ਫ਼ੁਲਾਵਟ ਕਰਕੇ ਸਾਹ ਰਗ ਉੱਤੇ ਦਬਾਅ ਪੈਣ ਕਾਰਣ ਖੰਘ ਜਾਂ ਸਾਹ ਵਿੱਚ ਰੁਕਾਵਟ ਅਤੇ ਭੋਜਨ ਨਲੀ ਨੱਪੀ ਜਾਣ ਨਾਲ ਰੋਟੀ ਦੀ ਬੁਰਕੀ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ।ਕਈ ਕੇਸਾਂ ਵਿੱਚ ਆਵਾਜ਼ ਵੀ ਭਾਰੀ ਹੋ ਜਾਂਦੀ ਹੈ।ਪਹਾੜੀ ਜਾਂ ਨੀਮ-ਪਹਾੜੀ ਖੇਤਰਾਂ ਵਿੱਚ ਢਲਾਣ ਉੱਤੇ ਪਾਣੀ ਵਹਿਣ ਕਾਰਣ ਅਜਿਹੇ ਭੁਗੋਲਿਕ ਖੇਤਰਾਂ ਅੰਦਰ ਆਇਓਡੀਨ ਦੀ ਘਾਟ ਹੋ ਜਾਂਦੀ ਹੈ ਅਤੇ ਅਜਿਹੇ ਖਿੱਤਿਆਂ ਵਿੱਚ ਥਾਇਰੌਇਡ ਸਮੱਸਿਆਵਾਂ ਵਧ ਸਕਦੀਆਂ ਹਨ। ਵੈਸੇ ਅੱਜ-ਕੱਲ ਆਇਓਡੀਨ ਯੁਕਤ ਲੂਣ ਦੀ ਵਰਤੋਂ ਕਾਰਣ ਅਜਿਹੇ ਕੇਸਾਂ ਵਿੱਚ ਕਾਫ਼ੀ ਸੁਧਾਰ ਆਇਆ ਹੈ। ਕਈ ਵਾਰੀ ਅਲ੍ਹੜ ਉਮਰ ਦੀਆਂ ਕੁੜੀਆਂ ਵਿੱਚ ਗਲ਼ੇ ਵਿੱਚੋਂ ਗਿੱਲੜ ਦੀ ਸੋਜ ਪੈਦਾ ਹੋ ਜਾਂਦੀ ਹੈ ਜਿਸ ਨੂੰ "ਪਿਊਬਰਟੀ ਗੌਇਟਰ" ਕਿਹਾ ਜਾਂਦਾ ਹੈ।

ਥਾਇਰੌਇਡ ਗ੍ਰੰਥੀ ਵੱਲੋਂ ਸਹੀ ਮਾਤਰਾ ਵਿੱਚ ਜਦੋਂ ਹਾਰਮੋਨ ਨਾ ਬਣਾਏ ਜਾਣ ਤਾਂ ਥਾਇਰੌਇਡ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਜੋਂ ਹੋਣ ਵਾਲੀ ਬਿਮਾਰੀ ਦੋ ਤਰ੍ਹਾਂ ਦੀ ਹੁੰਦੀ ਹੈ:

**1. ਹਾਇਪਰਥਾਇਰੌਇਡਿਜ਼ਮ:** ਇਸ ਤੋਂ ਭਾਵ ਹੈ ਕਿ ਕੁਝ ਸਥਿਤੀਆਂ ਕਾਰਣ ਥਾਇਰੌਇਡ ਦੇ ਹਾਰਮੋਨ ਲੋੜ ਨਾਲੋਂ ਵਧੇਰੇ ਮਾਤਰਾ ਵਿੱਚ ਬਣਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਪ੍ਰਗਟ ਹੋਣ ਵਾਲੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

1. ਥਕਾਵਟ
2. ਦਿਲ ਦੀ ਧੜਕਣ ਵਧਣੀ
3. ਫ਼ਿਕਰਮੰਦੀ ਜਾਂ ਉਦਾਸੀ
4. ਪੱਠਿਆਂ ਦੀ ਕਮਜ਼ੋਰੀ
5. ਹੱਥਾਂ ਪੈਰਾਂ ਵਿੱਚ ਕਾਂਬਾ
6. ਅੱਖਾਂ ਬਾਹਰ ਨੂੰ ਨਿਕਲਣੀਆਂ
7. ਬਹੁਤ ਜ਼ਿਆਦਾ ਗਰਮੀ ਮਹਿਸੂਸ ਕਰਨੀ
8. ਭੁੱਖ ਜ਼ਿਆਦਾ ਹੋਣੀ ਜਾਂ ਠੀਕ-ਠਾਕ ਭੋਜਨ ਖਾਣ ਦੇ ਬਾਵਜੂਦ ਸਰੀਰ ਦਾ ਭਾਰ ਨਿਰੰਤਰ ਘਟਣਾ
9. ਪੈਰਾਂ ਵਿੱਚ ਸੋਜਿਸ਼
10. ਬੇਚੈਨੀ
11. ਲੋੜ ਨਾਲੋਂ ਜ਼ਿਆਦਾ ਬੋਲਣਾ
12. ਨਬਜ਼ ਤੇਜ਼ ਹੋਣੀ
13. ਹੱਥਾਂ ਨੂੰ ਪਸੀਨਾ ਆਉਣਾ
14. ਨੀਂਦ ਦੀਆਂ ਸਮੱਸਿਆਵਾਂ, ਆਦਿ।

**2. ਹਾਇਪੋਥਾਇਰੌਇਡਿਜ਼ਮ**: ਥਾਇਰੌਇਡ ਗ੍ਰੰਥੀ ਵੱਲੋਂ ਹਾਰਮੋਨਾਂ ਦੀ ਪੈਦਾਵਾਰ ਘੱਟ ਹੋਣ ਨਾਲ ਹਾਇਪੋਥਾਇਰੌਇਡਿਜ਼ਮ ਦੀ ਸਮੱਸਿਆ ਆਉਂਦੀ ਹੈ। ਇਸ ਦੇ ਹੇਠ ਲਿਖੇ ਲੱਛਣ ਹੁੰਦੇ ਹਨ:

1. ਵਜ਼ਨ ਵਧ ਜਾਣਾ 2. ਥਕਾਵਟ
3. ਸਖ਼ਤ ਅਤੇ ਖ਼ੁਸ਼ਕ ਚਮੜੀ 4. ਸੋਰਾਇਸਿਸ
5. ਅੱਖਾਂ ਉੱਪਰ ਮਾਮੂਲੀ ਸੋਜਿਸ਼
6. ਪਸੀਨਾ ਘੱਟ ਜਾਂ ਬਿਲਕੁਲ ਵੀ ਨਾ ਆਉਣਾ
7. ਭਰਵੱਟਿਆਂ ਦੇ ਵਾਲ਼ ਝੜਨੇ ਅਤੇ ਸਿਰ ਦੇ ਵਾਲ਼ ਝੜਨੇ
8. ਆਵਾਜ਼ ਭਾਰੀ ਹੋ ਜਾਣੀ 9. ਯਾਦਾਸ਼ਤ ਕਮਜ਼ੋਰ ਹੋਣੀ
10. ਦਿਮਾਗੀ ਪਰੇਸ਼ਾਨੀ 11. ਸੁਣਨ ਵਿੱਚ ਵਿਘਨ
12. ਜ਼ਿਆਦਾ ਠੰਢ ਲੱਗਣੀ
13. ਔਰਤਾਂ ਵਿੱਚ ਮਾਹਵਾਰੀ ਦੇ ਵਿਗਾੜ
14. ਆਦਮੀਆਂ ਦੇ ਜਣਨ ਅੰਗਾਂ ਸੰਬੰਧੀ ਰੋਗ, ਆਦਿ।

ਹਾਇਪੋਥਾਇਰੌਇਡ ਦੀ ਸਮੱਸਿਆ ਬੱਚਿਆਂ ਵਿੱਚ ਜਮਾਂਦਰੂ ਵੀ ਹੋ ਸਕਦੀ ਹੈ। ਬੱਚਿਆਂ ਦਾ ਬੇਹੱਦ ਸੁਸਤ ਹੋਣਾ, ਐਨਰਜੀ ਦੀ ਘਾਟ ਮਹਿਸੂਸ ਕਰਨਾ, ਕਬਜ਼, ਸਰੀਰ ਦੇ ਵਿਕਾਸ ਵਿੱਚ ਰੁਕਾਵਟ, ਆਦਿ ਬੱਚਿਆਂ ਨੂੰ ਹਾਇਪੋਥਾਇਰੌਇਡਿਜ਼ਮ ਹੋਣ ਦਾ ਸੰਕੇਤ ਹੋ ਸਕਦੇ ਹਨ। ਬੱਚਿਆਂ ਨੂੰ ਅਜਿਹੀਆਂ ਸਮੱਸਿਆਵਾਂ ਮਾਤਾ ਨੂੰ ਗਰਭ ਦੌਰਾਨ ਆਇਓਡੀਨ ਦੀ ਕਮੀ ਕਾਰਣ ਹੋ ਸਕਦੀ ਹੈ। ਥਾਇਰੌਇਡ ਗ੍ਰੰਥੀ ਵਿੱਚ ਹਾਰਮੋਨਾਂ ਦੇ ਸਤ੍ਰਾਵ ਦਾ ਪੱਧਰ ਜਾਣਨ ਲਈ ਖ਼ੂਨ ਟੈਸਟ ਦੇ ਰਾਹੀਂ ਟੀ.ਐੱਸ.ਐੱਚ. (ਥਾਇਰੌਇਡ ਨੂੰ ਹਰਕਤ ਵਿੱਚ ਲਿਆਉਣ ਵਾਲਾ ਹਾਰਮੋਨ) ਅਤੇ ਟੀ3 ਅਤੇ ਟੀ4 ਦਾ ਪਤਾ ਲਗਾਇਆ ਜਾ ਸਕਦਾ ਹੈ।ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਥਾਇਰੌਇਡਿ ਗ੍ਰੰਥੀ ਨਾਲ ਸੰਬੰਧਤ ਰੋਗਾਂ ਦਾ ਇਲਾਜ ਢੁਕਵੀਆਂ ਦਵਾਈਆਂ ਨਾਲ ਬਾਖ਼ੂਬੀ ਕੀਤਾ ਜਾਂਦਾ ਹੈ। ਪੀੜਤ ਵਿਅਕਤੀ ਦੇ ਸਾਰੇ ਲੱਛਣਾਂ ਨੂੰ ਵਿਸਥਾਰਪੂਰਵਕ ਅਤੇ ਡੂੰਘਾਈ ਵਿੱਚ ਪਰਖਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਕਿ ਹਾਰਮੋਨਾਂ ਦੇ ਵਿੱਚ ਆਏ ਵਿਗਾੜ ਨੂੰ ਦਰੁਸਤ ਕਰਨ ਦੀ ਸਮਰੱਥਾ ਰੱਖਦਿਆਂ ਰੋਗੀ ਨੂੰ ਰੋਗ ਮੁਕਤ ਹੋਣ ਵਿੱਚ ਸਹਾਈ ਹੋ ਸਕਦੀ ਹੈ। ਰੋਗ ਦੇ ਲੱਛਣਾਂ ਦਾ ਪ੍ਰਭਾਵ ਰੋਗੀ ਉੱਪਰ ਵੱਖਰੇ-ਵੱਖਰੇ ਪੱਧਰ 'ਤੇ ਪੈਂਦਾ ਹੈ, ਜਿਵੇਂ ਕਿ ਭਾਵਨਾਤਮਕ, ਦਿਮਾਗੀ ਅਤੇ ਸਰੀਰਕ ਅਤੇ ਢੁਕਵੇਂ ਇਲਾਜ ਲਈ ਇਨ੍ਹਾਂ ਤਿੰਨੋ ਪੱਧਰਾਂ ਨੂੰ ਸਮਝਣਾ ਜ਼ਰੂਰੀ ਹੈ। ਰੋਗ ਕਾਰਣ ਰੋਗੀ ਵਿੱਚ ਵਿਲੱਖਣ ਤਬਦੀਲੀਆਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਨੂੰ ਪੀੜਤ ਮਨੁੱਖ ਲਈ ਸਹੀ ਦਵਾਈ ਲੱਭਣ ਵਿੱਚ ਸਹਾਈ ਹੁੰਦੀਆਂ ਹਨ।

ਨਸ਼ਿਆਂ ਤੋਂ ਛੁਟਕਾਰਾ ਪਾਓ




ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਗੁਰਦੁਆਰੇ-ਮੰਦਰਾਂ ’ਚ ਕੀਰਤਨ ਕਰਕੇ ਸੰਗੀਤ ਸਿੱਖਣ ਵਾਲੇ ਰਿਸ਼ੀ ਸਿੰਘ ਬਣੇ ਇੰਡੀਅਨ ਆਈਡਲ ਦੇ ਜੇਤੂ




ਮੁੰਬਈ:-ਗੁਰਦੁਆਰਿਆਂ ਤੇ ਮੰਦਰਾਂ ਵਿੱਚ ਕੀਰਤਨ ਕਰਕੇ ਸੰਗੀਤ ਸਿੱਖਣ ਵਾਲੇ ਅਯੁਧਿਆ ਰਿਸ਼ੀ ਸਿੰਘ ਨੇ ਇੰਡੀਅਨ ਆਈਡਲ-13 ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ।ਮੁਕਾਬਲਾ ਜਿੱਤਣ ਤੋਂ ਬਾਅਦ ਰਿਸ਼ੀ ਸਿੰਘ ਨੂੰ ਸੋਨੀ ਟੀਵੀ ਵਲੋਂ ਇਨਾਮ ਵਜੋਂ 25 ਲੱਖ ਰੁਪਏ ਦਾ ਚੈੱਕ ਮਿਲਿਆ ਤੇ ਤੋਹਫ਼ੇ ਵਿੱਚ ਇੱਕ ਨਵੀਂ ਕਾਰ ਵੀ ਮਿਲੀ।ਮਸ਼ਹੂਰ ਸਿੰਗਿੰਗ ਰਿਐਲਿਟੀ ਸ਼ੋਅ ਇੰਡੀਅਨ ਆਈਡਲ ਦੇ 13ਵੇਂ ਸੀਜ਼ਨ ਦਾ ਫ਼ਾਈਨਲ ਲੰਘੇ ਐਤਵਾਰ ਨੂੰ ਮੁੰਬਈ ਵਿੱਚ ਹੋਇਆ।ਸ਼ੋਅ ਦੇ ਜੱਜ ਹਿਮੇਸ਼ ਰੇਸ਼ਮੀਆ, ਵਿਸ਼ਾਲ ਡਡਲਾਨੀ ਅਤੇ ਨੇਹਾ ਕੱਕੜ ਸਨ।ਸ਼ੋਅ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਏ ਜਿਨ੍ਹਾ ਪ੍ਰਤੀਯੋਗੀਆਂ ਨੇ ਹਿੱਸਾ ਲਿਆ ਉਨ੍ਹਾਂ ਵਿੱਚੋਂ ਸਿਰਫ਼ 6 ਪ੍ਰਤੀਯੋਗੀ ਹੀ ਆਖ਼ਰੀ ਪੜਾਅ ਤੱਕ ਪਹੁੰਚ ਸਕੇ ਸਨ।ਇੰਡੀਅਨ ਆਈਡਲ ਫ਼ਾਈਨਲ ਵਿੱਚ ਆਪਣੀ ਥਾਂ ਬਣਾਉਣ ਵਾਲਿਆਂ ਵਿੱਚ ਰਿਸ਼ੀ ਸਿੰਘ (ਅਯੁੱਧਿਆ), ਬਿਦਿਪਤਾ ਚੱਕਰਵਰਤੀ (ਕੋਲਕਾਤਾ), ਚਿਰਾਗ ਕੋਤਵਾਲ (ਜੰਮੂ), ਸੋਨਾਕਸ਼ੀ ਕਾਰ (ਕੋਲਕਾਤਾ), ਸ਼ਿਵਮ ਸਿੰਘ (ਵਡੋਦਰਾ) ਅਤੇ ਦੇਬੋਸਮਿਤਾ ਰਾਏ (ਕੋਲਕਾਤਾ) ਸ਼ਾਮਿਲ ਸਨ।ਮੁਕਾਬਲਾ ਜ਼ਬਰਦਸਤ ਰਿਹਾ ਰਿਸ਼ੀ ਸਿੰਘ ਨੇ ਇੰਡੀਅਨ ਆਈਡਲ-13 ਦਾ ਖ਼ਿਤਾਬ ਜਿੱਤ ਕੇ ਟਰਾਫੀ ਆਪਣੇ ਨਾਮ ਕੀਤੀ ਤੇ ਦੇਬੋਸਮਿਤਾ ਰਾਏ ਅਤੇ ਚਿਰਾਗ ਕੋਤਵਾਲ ਕ੍ਰਮਵਾਰ ਪਹਿਲੇ ਅਤੇ ਦੂਜੇ ਰਨਰ ਅੱਪ ਰਹੇ।ਪਹਿਲੇ ਰਨਰ ਅੱਪ ਰਹੇ ਦੇਬੋਸਮਿਤਾ ਰਾਏ ਨੂੰ ਪੰਜ ਲੱਖ ਤੇ ਦੂਜੇ ਰਨਰ ਅੱਪ ਚਿਰਾਗ ਕੋਤਵਾਲ ਨੂੰ ਤਿੰਨ ਲੱਖ ਰੁਪਏ ਇਨਾਮ ਵਜੋਂ ਦਿੱਤੇ ਗਏ ਹਨ।ਇਸ ਤੋਂ ਇਲਾਵਾ ਫ਼ਾਈਨਲ ਤੱਕ ਪਹੁੰਚਣ ਵਾਲੇ ਬਾਕੀ ਪ੍ਰਤੀਯੋਗੀਆਂ ਨੂੰ ਇੱਕ-ਇੱਕ ਲੱਖ ਦਾ ਚੈੱਕ ਦਿੱਤਾ ਗਿਆ। 2 ਜੁਲਾਈ 2003 ਨੂੰ ਅਯੁੱਧਿਆ, ਉੱਤਰ ਪ੍ਰਦੇਸ਼ ਵਿੱਚ ਜਨਮੇ, 19 ਸਾਲਾ ਰਿਸ਼ੀ ਸਿੰਘ ਨੇ ਆਪਣੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੀ ਪੜ੍ਹਾਈ ਦਿ ਕੈਮਬ੍ਰੀਅਨ ਸਕੂਲ ਤੋਂ ਹਾਸਿਲ ਕੀਤੀ ਹੈ।ਉਹ ਦੇਹਰਾਦੂਨ ਤੋਂ ਏਵੀਏਸ਼ਨ ਮੈਨੇਜਮੈਂਟ ਵਿੱਚ ਗ੍ਰੈਜੂਏਸ਼ਨ ਕਰ ਰਹੇ ਹਨ।ਇੱਕ ਮੱਧ-ਵਰਗੀ ਪਰਿਵਾਰ ਨਾਲ ਤਾਲੁਕ ਰੱਖਣ ਵਾਲੇ ਰਿਸ਼ੀ ਦੇ ਪਿਤਾ ਰਾਜਿੰਦਰ ਸਿੰਘ ਇੱਕ ਸਰਕਾਰੀ ਕਰਮਚਾਰੀ ਹਨ।ਉਨ੍ਹਾਂ ਦੀ ਮਾਂ ਅੰਜਲੀ ਸਿੰਘ ਇੱਕ ਘਰੇਲੂ ਔਰਤ ਹੈ।

ਸ਼ੋਅ ਦੌਰਾਨ ਇੱਕ ਐਪੀਸੋਡ ‘ਚ ਰਿਸ਼ੀ ਨੇ ਦੱਸਿਆ ਸੀ ਕਿ ਉਹ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਹੈ। ਇੰਨਾਂ ਹੀ ਨਹੀਂ ਰਿਸ਼ੀ ਮੁਤਾਬਕ ਉਨ੍ਹਾਂ ਨੂੰ ਬਚਪਨ ‘ਚ ਗੋਦ ਲਿਆ ਗਿਆ ਸੀ।ਰਿਸ਼ੀ ਸਿੰਘ ਦਾ ਕਹਿਣਾ ਹੈ ਕਿ ਮਾਤਾ-ਪਿਤਾ ਉਨ੍ਹਾਂ ਦੇ ਸੰਗੀਤ ਕਰੀਅਰ ਤੋਂ ਖੁਸ਼ ਨਹੀਂ ਸਨ ਅਤੇ ਚਾਹੁੰਦੇ ਸਨ ਕਿ ਰਿਸ਼ੀ ਪੜ੍ਹਾਈ ਤੋਂ ਬਾਅਦ ਕੋਈ ਚੰਗੀ ਨੌਕਰੀ ਕਰਨ।

ਪਰ ਆਪਣੇ ਬੇਟੇ ਦੀ ਸੰਗੀਤ ਵਿੱਚ ਰੁਚੀ ਦੇਖ ਕੇ ਉਨ੍ਹਾਂ ਨੇ ਸਹਿਯੋਗ ਪੂਰਾ ਦਿੱਤਾ ਸੀ।ਰਿਸ਼ੀ ਨੇ ਸੰਗੀਤ ਦੀ ਕੋਈ ਸਿੱਖਿਆ ਨਹੀਂ ਲਈ, ਪਰ ਉਹ ਬਚਪਨ ਤੋਂ ਹੀ ਆਪਣੇ ਘਰ ਦੇ ਨੇੜਲੇ ਗੁਰਦੁਆਰੇ ਅਤੇ ਇੱਕ ਮੰਦਰ ਵਿੱਚ ਭਜਨ ਗਾਉਂਦੇ ਸਨ।2019 ਵਿੱਚ, ਰਿਸ਼ੀ ਨੇ ਇੰਡੀਅਨ ਆਈਡਲ ਦੇ 11ਵੇਂ ਸੀਜ਼ਨ ਵਿੱਚ ਵੀ ਹਿੱਸਾ ਲਿਆ ਸੀ ਪਰ ਚੌਥੇ ਦੌਰ ਤੋਂ ਬਾਅਦ ਬਾਹਰ ਹੋ ਗਏ ਸਨ।ਨਿਰਦੇਸ਼ਕ ਨਿਰਮਾਤਾ ਰਾਕੇਸ਼ ਰੋਸ਼ਨ ਨੇ ਰਿਸ਼ੀ ਸਿੰਘ ਨੂੰ ਰਿਤਿਕ ਰੋਸ਼ਨ ਦੀ ਅਗਲੀ ਫ਼ਿਲਮ ਵਿੱਚ ਗਾਉਣ ਦੀ ਪੇਸ਼ਕਸ਼ ਵੀ ਕੀਤੀ ਹੈ।

# ਕੈਨੇਡਾ ਵਿਚ ਹਜ਼ਾਰਾਂ ਠੱਗ ਲਾੜੇ-ਲਾੜੀਆਂ ਦੇ ਪੀ ਆਰ ਦੇ ਕੇਸ ਲਟਕੇ ਨਹੀਂ ਮਿਲ ਰਿਹਾ ਪੰਜਾਬ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ

ਵੈਨਕੂਵਰ:(ਬਰਾੜ-ਭਗਤਾ ਭਾਈ ਕਾ) ਅੰਤਰਰਾਸ਼ਟਰੀ ਵਿਦਿਆਰਥੀ ਵਰਗ ਵਿੱਚ ਕੈਨੇਡਾ ਆਉਣ ਦੀ ਇੱਛਾ ਨੇ ਸਾਰੀਆਂ ਇਮਾਨਦਾਰੀਆਂ ‘ਤੇ ਅਜਿਹਾ ਪਾਣੀ ਫੇਰ ਦਿੱਤਾ ਕਿ ਹੋ ਸਕਦਾ ਕਿ ਆਉਣ ਵਾਲੇ ਸਮੇਂ ‘ਚ ਵਿਦੇਸ਼ ਜਾਣ ਲਈ ਕਿਸੇ ਉੱਪਰ ਭਰੋਸਾ ਕਰਨਾ ਬੜੀ ਦੂਰ ਦੀ ਗੱਲ ਹੋ ਜਾਵੇ।ਸੈਂਕੜੇ ਨਹੀਂ ਬਲਕਿ ਹਜ਼ਾਰਾਂ ਦੀ ਗਿਣਤੀ ‘ਚ ਵਿਦੇਸ਼ ਪਹੁੰਚੇ ਬਹੁਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਆਪਣੇ ਜੀਵਨ ਸਾਥੀਆਂ ਨਾਲ ਠੱਗੀਆਂ ਮਾਰਨ ਦੀਆਂ ਘਟਨਾਵਾਂ ਨੇ ਉਹ ਪਰਿਵਾਰ ਝੰਜੋੜ ਕੇ ਰੱਖ ਦਿੱਤੇ ਹਨ ਜਿਨ੍ਹਾਂ ਨੇ ਮੋਟੀਆਂ ਰਕਮਾਂ ਖਰਚ ਕੇ ਪਹਿਲਾਂ ਤਾਂ ਆਪਣੇ ਬੱਚਿਆਂ ਦੇ ਵਿਆਹ ਕੀਤੇ ਅਤੇ ਫੇਰ ਉਨ੍ਹਾਂ ਦੀਆਂ ਭਾਰੀ ਫ਼ੀਸਾਂ ਭਰਕੇ ਉਨ੍ਹਾਂ ਨੂੰ ਚੰਗੇ ਭਵਿੱਖ ਲਈ ਕੈਨੇਡਾ, ਅਮਰੀਕਾ, ਆਸਟਰੇਲੀਆ ਜਰਮਨੀ ਅਤੇ ਨਿਊਜੀਲੈਂਡ ਤੋਂ ਬਿਨਾਂ ਕਈ ਹੋਰ ਦੇਸ਼ਾਂ ਵਿੱਚ ਭੇਜਿਆ ਜਿੱਥੇ ਜਾ ਕੇ ਠੱਗ ਕਿਸਮ ਦੇ ਵਿਦਿਆਰਥੀਆਂ ਵੱਲੋਂ ਆਪਣੇ ਨਾਲ ਵਿਆਹੇ ਹੋਏ ਜੀਵਨ ਸਾਥੀ ਨੂੰ ਆਪਣੇ ਨਾਲ ਰੱਖਣ ਤੋਂ ਜਵਾਬ ਦੇ ਦਿੱਤਾ ਅਤੇ ਨਾ ਹੀ ਰਕਮ ਵਾਪਿਸ ਕਰਨ ਬਾਰੇ ਗੱਲ ਕਰਦੇ ਹਨ। ਅਜਿਹੇ ਕੇਸ ਜ਼ਿਆਦਾ ਤਰ ਲੜਕੀਆਂ ਦੇ ਸਾਹਮਣੇ ਆ ਰਹੇ ਹਨ। ਹਰ ਕੋਈ ਆਪਣੇ ਲੜਕੇ ਨੂੰ ਕੈਨੇਡਾ ਭੇਜਣ ਦੇ ਲਾਲਚ ਵਿੱਚ ਆਈ ਲੈਟਸ ਵਾਲੀ ਲੜਕੀ ਨਾਲ ਵਿਆਹ ਕੇ ਲੜਕੀ ਦੇ ਵਿਆਹ ਤੋਂ ਲੈ ਕੇ ਫ਼ੀਸਾਂ ਭਰਨ ਤੱਕ ਸਾਰਾ ਖਰਚ ਕਰ ਬੈਠਦੇ ਹਨ ਅਤੇ ਜਦੋਂ ਲੜਕੀ ਕੈਨੇਡਾ ‘ਚ ਪੱਕੇ ਪੈਰੀਂ ਹੋ ਜਾਂਦੀ ਹੈ ਤਾਂ ਉਹ ਆਪਣੇ ਪਰਿਵਾਰ ਦੀ ਸ਼ਹਿ ‘ਤੇ ਲੜਕੇ ਨੂੰ ਕੈਨੇਡਾ ਬੁਲਾਉਣ ਤੋਂ ਜਵਾਬ ਦੇ ਦਿੰਦੀ ਹੈ ਅਤੇ ਫੇਰ ਮੁਕੱਦਮੋਂ ਮੁਕੱਦਮੀਂ ਸ਼ੁਰੂ ਹੋ ਜਾਂਦੀ ਹੈ।ਇਸ ਸੰਬੰਧ ‘ਚ ਜਿਹੜੀ ਗੱਲ ਹੁਣ ਸਾਹਮਣੇ ਆ ਰਹੀ ਹੈ ਉਹ ਇਹ ਹੈ ਕਿ ਜਿਹੜੀਆਂ ਲੜਕੀਆਂ ਵੱਲੋਂ ਪੜ੍ਹਾਈ ਪੂਰੀ ਕਰਨ ਉਪਰੰਤ ਪੀ ਆਰ ਵਾਸਤੇ ਆਪਣੇ ਕਾਗਜਾਤ ਦਾਖਲ ਕਰਨ ਦੇ ਨਾਲ ਆਪਣੇ ਪਿਛਲੇ ਪਿੰਡ ਨਾਲ ਸੰਬੰਧਤ ਥਾਣੇ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ ਲੈ ਕੇ ਨਾਲ ਦਾਖਲ ਕਰਨਾ ਪੈਂਦਾ ਹੈ। ਜਿਨ੍ਹਾਂ ਲੜਕੀਆਂ ਸਿਰ ਧੋਖਾਧੜੀ ਦੇ ਮੁਕੱਦਮੇ ਦਰਜ ਹੋ ਚੁੱਕੇ ਹਨ ਉਨ੍ਹਾਂ ਨੂੰ ਪੰਜਾਬ ਪੁਲਿਸ ਤੋਂ ਐਨ ਓ ਸੀ ਨਹੀਂ ਮਿਲ ਰਹੀ ਜਿਸ ਕਰਕੇ ਉਹ ਅੱਧ ਵਿਚਕਾਰ ਲਮਕ ਰਹੀਆਂ ਹਨ।ਇਸ ਤੋਂ ਇਲਾਵਾ ਨਾ ਹੀ ਉਨ੍ਹਾਂ ਲੜਕੀਆਂ ਕੋਲ ਕੋਈ ਹੋਰ ਤਰੀਕਾ ਰਹਿ ਜਾਂਦਾ ਹੈ ਕਿ ਉਹ ਪੰਜਾਬੀ ਵਾਪਸ ਜਾ ਸਕਣ। ਜੇ ਪੰਜਾਬ ਵਾਪਸ ਜਾਂਦੀਆਂ ਵੀ ਹਨ ਤਾਂ ਮੁਕੱਦਮਾ ਦਰਜ ਹੋਣਾ ਕਰਕੇ ਗ੍ਰਿਫ਼ਤਾਰੀ ਪੱਕੀ ਹੈ ਕਿਉਂਕਿ ਜਿਨ੍ਹਾਂ ਪਰਿਵਾਰਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ ਉਹ ਪਰਿਵਾਰ ਅਜਿਹੀਆਂ ਠੱਗ ਲੜਕੀਆਂ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਕਿ ਕਦੋਂ ਸ਼ਿਕਾਰ ਉਨ੍ਹਾਂ ਦੇ ਜਾਲ ਵਿੱਚ ਆ ਕੇ ਫਸੇ।

## ਬੀ. ਜੇ. ਪੀ.-ਆਰ. ਐਸ. ਐਸ. ਕਰ ਰਹੇ ‘ਹਿੰਦੂ ਰਾਸ਼ਟਰ’ ਦੀ ਗੱਲ, ਇਸ ਲਈ ਅੰਮ੍ਰਿਤਪਾਲ ਸਿੰਘ ਨੇ ਕੀਤੀ ਖ਼ਾਲਿਸਤਾਨ ਦੀ ਮੰਗ ਕਰਨ ਦੀ ਹਿੰਮਤ-ਅਸ਼ੋਕ ਗਹਿਲੋਤ

ਭਰਤਪੁਰ-ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਦਾਅਵਾ ਕੀਤਾ ਕਿ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ’ਹਿੰਦੂ ਰਾਸ਼ਟਰ’ ਦੀ ਭਾਜਪਾ ਤੇ ਆਰਐਸਐਸ ਦੀ ਲਗਾਤਾਰ ਮੰਗ ਕਾਰਨ ਖ਼ਾਲਿਸਤਾਨ ਬਾਰੇ ਬੋਲਣ ਦੀ ਹਿੰਮਤ ਕੀਤੀ। ਡਵੀਜ਼ਨ ਪੱਧਰੀ ਵਰਕਰ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਗਹਿਲੋਤ ਨੇ ਕਿਹਾ ਕਿ ਅੰਮ੍ਰਿਤਪਾਲ ਦਾ ਕਹਿਣਾ ਹੈ ਕਿ ਜੇਕਰ ਮੋਹਨ ਭਾਗਵਤ ਤੇ ਨਰਿੰਦਰ ਮੋਦੀ ਹਿੰਦੂ ਰਾਸ਼ਟਰ ਦੀ ਗੱਲ ਕਰ ਸਕਦੇ ਹਨ ਤਾਂ ਮੈਨੂੰ ਖਾਲਿਸਤਾਨ ਦੀ ਗੱਲ ਕਿਉਂ ਨਹੀਂ ਕਰਨੀ ਚਾਹੀਦੀ? ਉਸ ਕੋਲ ਇੰਨੀ ਹਿੰਮਤ ਕਿੱਥੋਂ ਆਈ, ਕਿਉਂਕਿ ਤੁਸੀਂ ’ਹਿੰਦੂ ਰਾਸ਼ਟਰ’ ਦੀ ਗੱਲ ਕਰਦੇ ਹੋ।“ ਰਾਜਸਥਾਨ ਦੇ ਮੁੱਖ ਮੰਤਰੀ ਨੇ ਕਿਹਾ, ‘‘ ਅੱਗ ਲਗਾਉਣਾ ਆਸਾਨ ਹੈ ਪਰ ਇਸ ਨੂੰ ਬੁਝਾਉਣ ਵਿੱਚ ਸਮਾਂ ਲੱਗਦਾ ਹੈ। ਅਜਿਹਾ ਦੇਸ਼ ਵਿਚ ਪਹਿਲੀ ਵਾਰ ਨਹੀਂ ਹੋ ਰਿਹਾ। ਇਸ ਕਾਰਨ ਇੰਦਰਾ ਗਾਂਧੀ ਨੂੰ ਮਾਰਿਆ ਗਿਆ ਸੀ। ਉਨ੍ਹਾਂ ਨੇ ਖਾਲਿਸਤਾਨ ਨਹੀਂ ਬਣਨ ਦਿੱਤਾ, ਅੱਜ ਮੈਂ ਕੀ ਕਹਾਂ?’’ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਦੇਸ਼ ਵਿਚ ਧਰਮ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, ’ਦੇਸ਼ ’ਚ ਧਰਮ ਦੇ ਨਾਂ ’ਤੇ ਰਾਜਨੀਤੀ ਕੀਤੀ ਜਾ ਰਹੀ ਹੈ ਪਰ ਜੇਕਰ ਤੁਸੀਂ ਦੇਸ਼ ਦੇ ਭਲੇ ਲਈ ਹਰ ਧਰਮ ਤੇ ਜਾਤ ਦੇ ਲੋਕਾਂ ਨੂੰ ਨਾਲ ਲੈ ਕੇ ਚੱਲੋਗੇ ਤਾਂ ਦੇਸ਼ ਇਕਜੁੱਟ ਰਹੇਗਾ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator


BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ

ਉਸ ਪੰਥ ਸਜਾਇਆ ਏ ..
ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ।
ਰੰਗ ਨਵਾਂ ਚੜ੍ਹਾ ਦਿੱਤਾ, ਬੁਜ਼ਦਿਲ ਲਾਚਾਰਾਂ ਤੇ।
ਅੱਜ ਭਰੇ ਦੀਵਾਨ ਅੰਦਰ, ਇੱਕ ਪਰਚਾ ਪਾਇਆ ਏ।
ਅੱਜ ਆਪਣੇ ਸਿੱਖਾਂ ਦਾ, ਸਿਦਕ ਅਜ਼ਮਾਇਆ ਏ ।
ਪੰਜ ਸਾਜੇ ਪਿਆਰੇ ਨੇ, ਸਿਰ ਲੈ ਤਲਵਾਰਾਂ ਤੇ
ਉਸ .....
ਭਗਤੀ ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ।
ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ ।
ਉਸ ਕਾਰਨ ਜੋਤ ਜਗੀ, ਮੰਦਰਾਂ ਦੇ ਦੁਆਰਾਂ ਤੇ
ਉਸ ....
ਸੂਲਾਂ ਤੇ ਸੁੱਤਾ ਏ, ਪੁੱਤਰਾਂ ਦਾ ਦਾਨੀ ਉਹ।
ਚਿੜੀਆਂ ਤੋਂ ਬਾਜ਼ ਤੁੜਾਏ, ਸੂਰਾ ਲਾਸਾਨੀ ਉਹ।
ਪੱਤਝੜ ਗੁਲਾਮੀ ਦੀ, ਨਾ ਆਏ ਬਹਾਰਾਂ ਤੇ
ਉਸ .....
ਆਪੇ ਗੁਰ ਚੇਲਾ ਉਹ, ਵਿਦਵਾਨ ਲਿਖਾਰੀ ਉਹ।
ਢਾਡੀ ਤੇ ਕਵੀਆਂ ਦਾ, ਵੱਡਾ ਹਿਤਕਾਰੀ ਉਹ ।
ਉਸ ਜਿਉਣਾ ਦੱਸਿਆ ਏ, ਆਜ਼ਾਦ ਵਿਚਾਰਾਂ ਤੇ
ਉਸ ....
ਇੱਕ ਕੌਮ ਬਣਾ ਦਿੱਤੀ, ਪਟਨੇ ਦੇ ਮਾਹੀ ਨੇ।
ਇੱਕ ਯੁੱਗ ਪਲਟਾ ਦਿੱਤਾ, ਉਸ ਸੰਤ ਸਿਪਾਹੀ ਨੇ ।
ਸਿੱਖੀ ਨਵਿਆਈ ਏ, ਉਸ ਪੰਜ ਕਕਾਰਾਂ ਤੇ
ਉਸ ....



ਉਸ ਜ਼ਾਲਿਮ ਹਾਕਮ ਨੂੰ, ਕਹਿ
ਸਚ ਸੁਣਾਇਆ ਏ।
ਡੁਬਦੇ ਬੇੜੇ ਹਿੰਦ ਨੂੰ, ਉਸ ਬੰਨੇ
ਲਾਇਆ ਏ ।
ਧੰਨ ਧੰਨ ਗੁਰਦੀਸ਼ ਕਰੇ, ਉਸ
ਦੇ ਉਪਕਾਰਾਂ ਤੇ
ਉਸ ....

**ਗੁਰਦੀਸ਼ ਕੌਰ ਦੀਸ਼- ਕੈਲਗਰੀ- ਕੈਨੇਡਾ,**
**ਵਟਸਐਪ: +91 98728 60488**

## ਗੀਤ
### 14 ਅਪ੍ਰੈਲ ਲਈ




ਫ਼ਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ
ਫਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ।
ਬਾਰਿਸ਼ ਹਥੋਂ ਖੇਤਾਂ ਦੇ ਵਿਚ ਉਜੜੀ ਡਾਲੀ-ਡਾਲੀ।
ਕੁਦਰਤ ਨੇ ਕੀ ਕਹਿਰ ਕਮਾਇਆ ਹਰ ਪਾਸੇ ਬਰਬਾਦੀ।
ਪੱਤੀ-ਪੱਤੀ ਕੋਲੋਂ ਖੋਹ ਲਈ ਖ਼ੁਸ਼ਬੂ ਦੀ ਆਜ਼ਾਦੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਧੀਆਂ ਪੁੱਤਾਂ ਨਾਲੋਂ ਵਧ ਕੇ ਪਿਆਰੀ ਹੁੰਦੀ ਖੇਤੀ।
ਆਸ ਮੁਰਾਦਾਂ ਤਾਂਘ ਹੁੰਦੀ ਏ ਪਕ ਜਾਂਦੀ ਹੈ ਛੇਤੀ।
ਲੱਕ ਤੋੜਵੀਂ ਮਿਹਨਤ ਕਰਕੇ ਸਾਰਾ ਸਾਲ ਸੰਭਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਮਿਹਨਤ ਕਰ ਕਿਰਸਾਨ ਕ੍ਰਿਤ ’ਚੋਂ ਸਾਰਾ ਦੇਸ਼ ਰਜਾਏ।
ਬੇਸ਼ਕ ਆਪੇ ਰੁਲ ਖੁਲ ਜਾਏ ਕਰਜ਼ੇ ਦੇ ਵਿਚ ਆਏ।
ਉਸ ਦੇ ਹੱਥ ਵਿਚ ਰਹਿ ਜਾਂਦੀ ਹੈ ਮਿੱਟੀ ਕਰਮਾਂ ਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਮਿਹਨਤ ਦੇ ਸੱਚੇ ਅਰਥਾਂ ਅੰਦਰ ਪਲ ਪਲ ਤੁਰਦਾ ਜਾਏ।
ਜਿੱਦਾਂ ਛੱਜੇ ਦੇ ਟੁਟਣ ’ਤੇ ਸ਼ਹਿਦ ਹੈ ਖੁਰਦਾ ਜਾਏ।
ਤੜਕ ਸਵੇਰਾ ਸ਼ਿਖ਼ਰ ਦੁਪਹਿਰਾਂ ਰਾਤ ਹੋਵੇ ਜਾਂ ਕਾਲੀ।
ਫ਼ਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖ਼ੁਸ਼ਹਾਲੀ।
ਭਾਰਤ ਮਾਂ ਦੇ ਸਿਰ ’ਤੇ ਹਰਿਆਲੀ ਦਾ ਤਾਜ਼ ਰਵੇਗਾ।
ਇਸ ਦੀ ਪ੍ਰਭੂਤਾ ਸ਼ਕਤੀ ਉਤੇ ਸਭ ਨੂੰ ਨਾਜ਼ ਰਵੇਗਾ।
ਡਿਗਣ ਨਾ ਦਿੱਤੀ ਧਰਤੀ ਮਾਂ ਨੇ ਇਸ ਦੀ ਪੱਗ ਸੰਭਾਲੀ।
ਫ਼ਸਲਾਂ ਵਿਚ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਬੇਸ਼ਕ ਨੇਰ੍ਹੀ, ਝੱਖੜ, ਤੂਫਾਂ, ਬਾਰਿਸ਼ ਰੰਗ ਵਿਖਾਏ।
ਧਰਤੀ ਮਾਂ ਦੇ ਸਿਰ ਦੇ ਉਤੇ ਫਿਰ ਵੀ ਆਂਚ ਨਾ ਆਵੇ।
ਬਾਲਮ, ਸੂਰਜ,ਦਰਿਆ ਕਰਦੇ ਇਸ ਦੀ ਖ਼ੁਦ ਰਖਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

**-ਬਲਵਿੰਦਰ ਬਾਲਮ ਗੁਰਦਾਸਪੁਰ**

## ਵਿਸਾਖੀ ਬਚਾਓ

ਅੱਡ ਕੇ ਝੋਲੀ ਅੱਜ ਕਰ ਫੇਰ ਅਰਦਾਸਾਂ,
ਸਾਡੇ ਮੁੱਕਣ ਨਾ ਕਦੀ ਵੀ ਕੋਠੀ ਦੇ ਦਾਣੇਂ,
ਆਉਣ ਵਾਲੀਆਂ ਨਸਲਾਂ ਫੇਰ ਇਹ ਸਮਝਣ,
ਅਸੀਂ ਸਾਂ ਲੋਕੀਂ ਬੜੇ ਹੀ ਸੁੱਘੜ ਸਿਆਣੇਂ।

ਨਸਲਾਂ 'ਤੇ ਫ਼ਸਲਾਂ ਦਾ ਗੂੜ੍ਹਾ ਇਹ ਰਿਸ਼ਤਾ,
ਬੜਾ ਹੀ ਪੀਡਾ ਅਤੇ ਹੈ ਮੁੱਢ ਕਦੀਮੀ,
ਇਸ ਤੋਂ ਬਿਨਾ ਨਾ ਕੋਈ ਅੱਗੇ ਵਧਿਆ,
ਇਹ ਤੱਥ ਹੈ ਹਕੀਕੀ ਤੇ ਹੈ ਬਾ ਜ਼ਮੀਨੀ।

ਵਿਸਾਖੀ ਦੀ ਆਮਦ ਲਿਆਵੇ ਭਰ ਭਰ ਕੇ,
ਉਮੀਦਾਂ ਦੇ ਦੱਥੇ ਅਤੇ ਚਾਵਾਂ ਦੇ ਰੇਲੇ,
ਪਰ ਜੇ ਕੁਦਰਤ ਹੋ ਜਾਏ ਕਦੇ ਕਰੋਪੀ,
ਤਾਂ ਸਿਰ ਪਏ ਦੁੱਖੜੇ ਨਹੀਂ ਜਾਂਦੇ ਫਿਰ ਝੇਲੇ।

ਕੀਤੀ ਕਰਾਈ ਸਾਰੀ ਉਮਰਾਂ ਦੀ ਮਿਹਨਤ,
ਪਲਾਂ ਵਿੱਚ ਕੁਦਰਤ ਜੇ ਭਸਮ ਕਰ ਜਾਵੇ,
ਬੇਵੱਸ ਇਨਸਾਨ ਦੇ ਪੱਲੇ ਫਿਰ ਬਚਦੇ,
ਲੱਖਾਂ ਸਿਆਪੇ, ਧੱਕੇ, ਹੌਕੇ 'ਤੇ ਹਾਵੇ।

ਵਿਸਾਖੀ ਫਿਰ ਕਾਹਦੀ ਵਿਸਾਖੀ ਹੈ ਰਹਿੰਦੀ,
ਕਰੋਪੀ ਦੇ ਝੱਖੜ ਜਦ ਸਿਰਾਂ ਉੱਤੇ ਝੁੱਲਦੇ,
ਜ਼ਿੰਦਗੀ ਆ ਜਾਂਦੀ ਬੈਸਾਖੀਆਂ ਦੇ ਉੱਤੇ,
ਤ੍ਰਿਪ ਤ੍ਰਿਪ ਹੰਝੂ ਫੇਰ ਅੱਖਾਂ ਚੋਂ ਡੁੱਲ੍ਹਦੇ।

ਹੰਕਾਰ ਦਾ ਮਹਿਲ ਤਿੜਕ ਜਾਵੇ ਪਲਾਂ ਵਿੱਚ,
ਆਸਮਾਨ ਵੱਲ ਥੁੱਕਿਆ ਜਦ ਪੈਂਦਾ ਹੈ ਮੂੰਹ ਤੇ,
ਫੇਰ ਤੱਕ ਨਹੀਂ ਹੁੰਦਾ ਅੱਖ ਵਿੱਚ ਅੱਖ ਪਾ ਕੇ,
ਨਿਕਲਦੀ ਹੈ ਆਹ ਫੇਰ ਕਾਲ਼ਜੇ ਨੂੰ ਧੂਅ ਕੇ।

ਕੁਦਰਤ ਪੁੱਛਦੀ ਸਵਾਲ ਔਖੇ ਕਈ ਤੈਥੋਂ,
ਗਿਣਾ ਖਾਂ ਆਪਣੀਆਂ ਗਲਤੀਆਂ ਦਾ ਚਿੱਠਾ!
ਕਿੱਥੇ ਕਿੱਥੇ ਜ਼ਹਿਰ ਹੈ ਤੂੰ ਨਹੀਂ ਘੋਲਿਆ,
ਜੋ ਪਿਲਾਇਆ ਤੂੰ ਮੈਨੂੰ ਕਹਿ ਸ਼ਰਬਤ ਮਿੱਠਾ।

ਅੱਤ ਤੂੰ ਕੀਤੀ ਹੈ ਆਪਣੇ ਆਲੇ ਦੁਆਲੇ,
ਮੇਰੇ ਅਸੂਲਾਂ ਨੂੰ ਤੂੰ ਘੱਟੇ ਵਿੱਚ ਪਾਕੇ,
ਤਾਹੀਉਂ ਤੇ ਮੈਂ ਵੀ ਹੁਣ ਕਰੋਪੀ ਦਿਖਾ ਕੇ,
ਲਾਇਆ ਹੈ ਮੱਥਾ ਤੇਰੇ ਨਾਲ ਆ ਕੇ।

ਹੁਣ ਤੂੰ ਤੇ ਮੈਂ ਹਾਂ ਆਹਮਣੇ ਸਾਹਮਣੇ,
ਹਾਲੇ ਵੀ ਕਰਨੇ ਜੇ ਪੁੱਠੇ ਤੂੰ ਕਾਰੇ,
ਨਹੀਂ ਆਉਣੀ ਮੁੜ ਤੇਰੀ ਵਿਸਾਖੀ ਸਵੱਲੀ,
ਨਹੀਂ  ਲੱਗਣੇ ਮੁੜ ਕੇ ਮੇਲੇ ਫੇਰ ਭਾਰੇ।

ਆ ਫਿਰ ਤੋਂ ਆਪਣੀ ਤੂੰ ਗਲਤੀ ਨੂੰ ਮੰਨ ਕੇ,
ਕੀਤੀਆਂ ਹੋਈਆਂ ਵਧੀਕੀਆਂ ਦੀ ਭੁੱਲ ਬਖਸ਼ਾ ਲੈ,
ਭੁੱਲ ਜਾ ਆਪਣੇ ਫ਼ਤੂਰੀ ਸਭ ਜਜ਼ਬੇ,
ਹਲੀਮੀ ਨੂੰ ਮੁੜ ਕੇ ਗਲ ਆਪਣੇ ਲਾ ਲੈ।

ਅੱਡ ਕੇ ਝੋਲੀ ਕਰ ਅੱਜ ਫੇਰ ਅਰਦਾਸਾਂ,
ਸਾਡੇ ਮੁੱਕਣ ਨਾ ਕਦੀ ਵੀ ਕੋਠੀ ਦੇ ਦਾਣੇਂ,
ਆਉਣ ਵਾਲੀਆਂ ਨਸਲਾਂ ਫੇਰ ਇਹ ਸਮਝਣ,
ਅਸੀਂ ਸਾਂ ਲੋਕੀਂ ਬੜੇ ਹੀ ਸੁੱਘੜ ਸਿਆਣੇਂ।-

**ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ**

## .ਗਜ਼ਲ

ਚੰਗੇ ਵਿਉਹਾਰ ਦੀ ਗੱਲ
ਆ ਕਰੀਏ ਪਿਆਰ ਦੀ ਗੱਲ
ਸਭ ਦੇ ਦਿਲ ਨੂੰ ਛੂਹ ਜਾਵੇ
ਐਸੇ ਸਤਿਕਾਰ ਦੀ ਗੱਲ
ਮਸਤਕ ਤੋਂ ਮਸਤਕ ਤੀਕਰ
ਡੂੰਘੇ ਵਿਚਾਰ ਦੀ ਗੱਲ
ਮੈਨੂੰ ਨਾ ਚੰਗੀ ਲੱਗੀ
ਤੇਰੇ ਇਨਕਾਰ ਦੀ ਗੱਲ
ਤੈਨੂੰ ਪਰ ਚੰਗੀ ਜਾਪੇ
ਮੇਰੇ ਇਜ਼ਹਾਰ ਦੀ ਗੱਲ
ਜ਼ਿਹਨ ਵਿਚ ਰਹੇ ਹਮੇਸ਼ਾ
ਸਾਈਂ ਕਰਤਾਰ ਦੀ ਗੱਲ
ਬਿਗ਼ਾਨੇ ਨੂੰ ਕਰ ਆਪਣਾ
ਛੱਡ ਕੇ ਤਕਰਾਰ ਦੀ ਗੱਲ

**ਸੁਨੀਲ ਕੁਮਾਰ ‘ਨੀਲ**
**ਸੰਪਰਕ: 94184-70707**



# ਗੁਰਦਵਾਰਾ ਕੈਨੇਡੀਅਨ ਸਿੰਘ ਸਭਾ ਸਰੀ ਦੇ ਕੰਧ ਚਿੱਤਰਾਂ ਦੀ ਗਾਥਾ

*ਜਰਨੈਲ ਸਿੰਘ ਆਰਟਿਸਟ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਿੱਖੀ ਵਿਚ ਸੇਵਾ ਦੇ ਸਿਧਾਂਤ ਨੂੰ ਬਿਆਨ ਕਰਦੇ ਮਾਤਾ ਖੀਵੀ ਤੇ ਭਾਈ ਘਨਈਆ ਜੀ ਦੇ ਚਿਤਰਾਂ ਤੋਂ ਬਾਦ ਵਿਚਾਰ ਬਣਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਸਿਖ ਰਾਜ ਦਰਬਾਰ ਦਾ ਚਿਤਰ ਬਣਾਇਆ ਜਾਵੇ।ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਦੀ ਸ਼ਾਨੋ ਸ਼ੌਕਤ ਦਾ ਚਿਤਰ ਬਣਾ ਕੇ ਉਸਦੇ ਥਲੇ ਵਿਆਖਿਆ ਲਗਾਈ ਗਈ ਜੋ ਹੇਠ ਲਿਖੇ ਅਨੁਸਾਰ ਹੈ।

"ਮਹਾਰਾਜਾ ਰਣਜੀਤ ਸਿੰਘ (1780-1839) ਨੂੰ ਸ਼ੇਰ ਏ ਪੰਜਾਬ ਦੇ ਨਾ ਨਾਲ ਜਾਣਿਆ ਜਾਂਦਾ ਹੈ।ਸੁਕਰਚੱਕੀਆ ਮਿਸਲ ਦੇ ਸਰਦਾਰ ਸ. ਮਹਾਂ ਸਿੰਘ ਦੇ ਇਸ ਇਕਲੌਤੇ ਪੁਤਰ ਦਾ ਜਨਮ ਨਵੰਬਰ 13,1780 ਨੂੰ ਹੋਇਆ। ਜਦੋਂ ਉਹ 9 ਸਾਲ ਦਾ ਹੋਇਆ ਤਾਂ ਸਰਦਾਰ ਮਹਾਂ ਸਿੰਘ ਦੀ ਮੌਤ ਹੋ ਗਈ ਤੇ ਰਣਜੀਤ ਸਿੰਘ ਮਿਸਲ ਦਾ ਮੁਖੀ ਬਣਿਆ।ਉਹ 1799 ਵਿਚ ਲਾਹੌਰ ਜਿੱਤ ਕੇ ਮਹਾਰਾਜਾ ਬਣਿਆ।ਉਸ ਦਾ ਰਾਜ ਮੁਲਤਾਨ, ਕਸ਼ਮੀਰ, ਪੇਸ਼ਾਵਰ ਤੇ ਲੱਦਾਖ ਤੱਕ ਫੈਲਿਆ ਹੋਇਆ ਸੀ। ਉਸ ਦੇ ਰਾਜ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਵਜ਼ੀਰ ਸਨ। 200 ਵਿਦੇਸ਼ੀ ਅਮਰੀਕਨ, ਫਰਾਂਸੀਸੀ ਤੇ ਇਟਾਲੀਅਨ ਉਸ ਦੀ ਫੌਜ ਨੂੰ ਸਿਖਲਾਈ ਦਿੰਦੇ ਸਨ।ਉਸ ਨੇ 40 ਸਾਲ ਰਾਜ ਕੀਤਾ ਤੇ ਉਸ ਦੇ ਰਾਜ ਨੂੰ ਪੰਜਾਬ ਦਾ ਸੁਨਹਿਰੀ ਯੁਗ ਕਿਹਾ ਜਾਂਦਾ ਹੈ।"ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਦੇ ਚਿਤਰ ਤੋਂ ਬਾਅਦ ਵਿਚਾਰ ਬਣਿਆ ਕਿ ਪਹਿਲੇ ਸਿਖ ਰਾਜ ਦਾ ਵੀ ਚਿਤਰ ਬਣਾਇਆ ਜਾਵੇ ਜੋ ਬੰਦਾ ਸਿੰਘ ਬਹਾਦਰ ਨੇ ਕਾਇਮ ਕੀਤਾ ਤੇ ਹਲ ਵਾਹਕਾਂ ਨੂੰ ਜ਼ਮੀਨ ਦੇ ਮਾਲਕ ਬਣਾਇਆ। ਸੋ ਬੰਦਾ ਸਿੰਘ ਬਹਾਦਰ ਦਾ ਸਰਹਿੰਦ ਫਤਹਿ ਕਰਨ ਦੇ ਸਮੇਂ ਦਾ ਚਿਤਰ ਬਣਾਇਆ ਤੇ ਨਾਲ ਹੀ ਹੇਠ ਲਿਖੀ ਵਿਆਖਿਆ ਲਗਾਈ ਗਈ।

'ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ, ਮਹਾਰਾਸ਼ਟਰ ਵਿਖੇ ਅੰਮ੍ਰਿਤ ਛਕਾ ਕੇ ਮਾਧੋ ਦਾਸ ਬੈਰਾਗੀ ਨੂੰ ਬੰਦਾ ਸਿੰਘ ਬਹਾਦਰ (1670-1716) ਬਣਾਇਆ।ਬੰਦਾ ਸਿੰਘ ਹਮੇਸ਼ਾ ਆਪਣੇ ਆਪ ਨੂੰ ਕਹਿੰਦੇ ਸਨ,' ਮੈਂ ਹੋਂ ਉਸੀ ਪੁਰਖ ਕਾ ਦਾਸਾ, ਕਰਯੋ ਖਾਲਸਾ ਜਿਸ ਪ੍ਰਕਾਸਾ"।1710 ਵਿਚ ਸਰਹਿੰਦ ਫਤਹਿ ਕਰਕੇ ਪਹਿਲੇ ਸਿੱਖ ਰਾਜ ਦੀ ਨੀਂਹ ਰੱਖੀ। ਜ਼ਮੀਨੀ ਸੁਧਾਰ ਕੀਤੇ, ਪੰਜਾਬ ਵਿਚੋਂ ਜਗੀਰਦਾਰੀ ਖਤਮ ਕੀਤੀ।ਮੁਖਲਿਸ ਗੜ ਨੂੰ ਆਪਣੀ ਰਾਜਧਾਨੀ ਬਣਾਇਆ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਜਾਰੀ ਕੀਤਾ।' ਦੇਗ ਤੇਗ ਫਤਹਿ' ਦੀ ਮੋਹਰ ਬਣਾਈ।ਮੁਗਲ ਫੌਜਾਂ ਵਲੋਂ ਗੁਰਦਾਸਨੰਗਲ ਕਿਲੇ ਦੀ ਅੱਠ ਮਹੀਨੇ ਦੀ ਘੇਰਾਬੰਦੀ ਪਿਛੋਂ 700 ਸਿੱਖਾਂ ਸਮੇਤ ਗਿਰਫਤਾਰੀ ਮਗਰੋਂ, ਇਸਲਾਮ ਕਬੂਲਣ ਤੋਂ ਨਾਂਹ ਕਰਨ ਤੇ ਦਿੱਲੀ ਵਿਚ ਜੂਨ, 1716 ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।"

ਫਿਰੋਜ਼ਪੁਰ ਦੇ ਨੇੜਲੇ ਪਿੰਡ ਮੁੱਦਕੀ, ਜਿੱਥੇ ਮਹਾਰਾਜ ਰਣਜੀਤ ਸਿੰਘ ਦੀ ਮੌਤ ਮਗਰੋਂ,ਅੰਗਰੇਜ਼ਾਂ ਸਿੱਖਾਂ ਦੀ ਪਹਿਲੀ ਜੰਗ ਹੋਈ , ਦੇ ਨਿਵਾਸੀਆਂ ਵਲੋਂ ਹਰ ਸਾਲ ਗੁਰਦਵਾਰਾ ਸਹਿਬ ਵਿਚ ਅਖੰਡ ਪਾਠ ਕਰਵਾਇਆ ਜਾਂਦਾ ਹੈ।ਪਿੰਡ ਨਿਵਾਸੀਆਂ ਨੇ ਸਲਾਹ ਕੀਤੀ ਕਿ ਮੁੱਦਕੀ ਦੀ ਇਤਿਹਾਸਕ ਜੰਗ ਦਾ ਚਿਤਰ ਵੀ ਗੁਰਦਵਾਰਾ ਸਾਹਿਬ ਵਿਚ ਬਣਾਇਆ ਜਾਵੇ। ਸੋ ਪ੍ਰਬੰਧਕਾਂ ਨੇ ਮੇਰੀ ਸੇਵਾ ਜੰਗ ਦਾ ਚਿਤਰ ਬਣਾਉਣ ਲਈ ਲਗਾਈ। ਤੇ ਲਗਭਗ ਤਿਨ ਚਾਰ ਮਹੀਨਿਆਂ ਦੇ ਮਗਰੋਂ ਮੁਦਕੀ ਦੀ ਜੰਗ ਦੇ ਕੰਧ ਚਿਤਰ ਦਾ ਉਦਘਾਟਨ ਹੋਇਆ ਜਿਥੇ ਵਡੀ ਗਿਣਤੀ ਵਿਚ ਪਿੰਡ ਵਾਸੀ ਤੇ ਸਥਾਨਕ ਲੀਡਰ ਹਾਜ਼ਰ ਸਨ।

ਕਾਮਾਗਾਟਾ ਮਾਰੂ ਕਾਂਢ ਦੀ ਸ਼ਤਾਬਦੀ ਸਮੇਂ ਇਕ ਕੰਧ ਉਪਰ ਭਾਈ ਮੇਵਾ ਸਿੰਘ ਲੋਪੋਕੇ ਤੇ ਬਾਬਾ ਗੁਰਦਿਤ ਸਿੰਘ ਦੇ ਦੋ ਵਡ ਆਕਾਰੀ ਚਿਤਰ ਇਕ ਬਚਦੀ ਕੰਧ ਉਪਰ ਲਗਾਏ ਗਏ ਕਿਉਂਕਿ ਇਹ ਕੈਨੇਡੀਅਨ ਇਤਹਾਸ ਦੇ ਪੰਜਾਬੀਆਂ ਨਾਲ ਜੁੜੀਆਂ ਅਹਿਮ ਘਟਨਾਵਾਂ ਦੇ ਮੁਖ ਪਾਤਰ ਸਨ।ਇਹਨਾਂ ਦੋਨਾਂ ਸ਼ਖਸੀਅਤਾਂ ਦੇ ਚਿਤਰ ਸਥਾਪਤ ਕੀਤੇ ਗਏ ਤਾਂ ਉਸ ਸਮੇਂ ਦੇ ਮੁਖ ਸੇਵਾਦਾਰ ਸ. ਬਲਬੀਰ ਸਿੰਘ ਨਿੱਜਰ ਹੋਰਾਂ ਨਾਲ ਵਿਚਾਰ ਕੀਤੀ ਕਿ ਕਿਉਂ ਨਾਂ ਇਹ ਸਾਰੀ ਕੰਧ ਹੀ ਕੈਨੇਡੀਅਨ ਗਦਰੀ ਯੋਧਿਆਂ ਨੂੰ ਸਮਰਪਿਤ ਕਰ ਦਿਤੀ ਜਾਵੇ ਤਾਂ ਉਹਨਾਂ ਕਿਹਾ ਕਿ ਬਹੁਤ ਵਧੀਆ ਵਿਚਾਰ ਹੈ ਤੇ ਇਸ ਨੂੰ ਸਾਕਾਰ ਕਰਨ ਦੀ ਹਾਮੀ ਭਰ ਦਿਤੀ।ਇਥੇ ਇਸ ਗਲ ਦਾ ਖਾਸ ਜ਼ਿਕਰ ਕਰਨਾ ਚਾਹਾਂਗਾ ਕਿ 2003 ਤੋਂ ਲੈ ਕੇ 2023 ਤਕ ਗੁਰਦਵਾਰਾ ਸਾਹਿਬ ਦੀ ਸਾਰੀ ਹੀ ਟੀਮ ਜਿਸ ਵਿਚ ਸ.ਗਿਆਨ ਸਿੰਘ ਸੰਧੂ, ਸ. ਜੁਗਿੰਦਰ ਸਿੰਘ ਸਿੱਧੂ, ਸ. ਕੁੰਦਨ ਸਿੰਘ ਸੱਜਨ, ਸ.ਦਲਜੀਤ ਸਿੰਘ ਸੰਧੂ, ਸ.ਬਲਬੀਰ ਸਿੰਘ ਨਿੱਜਰ, ਸ.ਜਸਵਿੰਦਰ ਸਿੰਘ ਖਹਿਰਾ, ਸ.ਗੁਰਮੀਤ ਸਿੰਘ ਧਾਲੀਵਾਲ,ਸ. ਰੁਪਿੰਦਰਜੀਤ ਸਿੰਘ ਕਾਹਲੋਂ , ਸ. ਸੁਰਜੀਤ ਸਿੰਘ ਪੰਧੇਰ ਆਦਿ ਸਭ ਨੇ ਹਮੇਸ਼ਾ ਹੀ ਭਰਪੂਰ ਸਹਿਯੋਗ ਤੇ ਪਿਆਰ ਸਤਿਕਾਰ ਦਿਤਾ ।

ਪਹਿਲੇ ਪੂਰ ਵਿਚ ਉਹ ਯੋਧਿਆਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜਿਹਨਾਂ ਨੂੰ ਕੈਨੇਡਾ ਤੋਂ ਜਾ ਕੇ ਹਿੰਦੋਸਤਾਨ ਦੀ ਆਜਾਦੀ ਵਿਚ ਭਾਗ ਲੈਣ ਕਾਰਨ ਫਾਂਸੀਆਂ ਲਗੀਆਂ ਜਾਂ ਉਮਰ ਕੈਦਾਂ ਹੋਈਆਂ। ਸੋ ਤਿੰਨ ਕਿਸ਼ਤਾਂ ਵਿਚ ਹੌਲੀ ਹੌਲੀ ਕਰ ਕੇ ਇਸ ਵਿਚ 40 ਗਦਰੀ ਯੋਧਿਆਂ ਦੇ ਚਿਤਰ ਲਗਾਏ ਗਏ ਤੇ ਨਾਲ ਹੀ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਬਾਨੀ ਪ੍ਰੋਫੈਸਰ ਤੇਜਾ ਸਿੰਘ ਦਾ ਚਿਤਰ ਵੀ ਸ਼ਾਮਲ ਹੈ।ਇਥੇ ਹੀ ਭਾਈ ਜਸਵੰਤ ਸਿੰਘ ਖਾਲੜਾ , ਜਿਹਨਾਂ ਦਾ ਨਾਮ ਤੇ ਲੰਗਰ ਹਾਲ ਸਮਰਪਿਤ ਹੈ ਉਹਨਾਂ ਦਾ ਚਿਤਰ ਵੀ ਸ਼ਾਮਲ ਹੋਵੇਗਾ।



ਇਹਨਾਂ 40 ਕੈਨੇਡੀਅਨ ਗਦਰੀਆਂ ਦੇ ਚਿਤਰ ਬਣਾਏ ਗਏ ਜਿਹਨਾਂ ਵਿਚ ਬਾਬੂ ਹਰਨਾਮ ਸਿੰਘ ਸਾਹਰੀ, ਬਾਬਾ ਬਚਿੰਤ ਸਿੰਘ ਰੁੜਕਾ ਕਲਾਂ, ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਕਾਮਰੇਡ ਇਕਬਾਲ ਸਿੰਘ ਹੁੰਦਲ, ਭਾਈ ਨੰਦ ਸਿੰਘ ਕੈਲਾ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਸੇਠ ਹੁਸੈਨ ਰਹੀਮ, ਭਾਈ ਚੈਂਚਲ ਸਿੰਘ ਜੰਡਿਆਲਾ, ਭਾਈ ਸ਼ੇਰ ਸਿੰਘ ਵੇਈਂ ਪੂਈਂ , ਭਾਈ ਮਿੱਤ ਸਿੰਘ ਪੰਡੋਰੀ, ਭਾਈ ਭਗਵਾਨ ਸਿੰਘ ਦੋਸਾਂਝ,ਭਾਈ ਉਤਮ ਸਿੰਘ ਹਾਂਸ,ਬੱਬਰ ਕਰਮ ਸਿੰਘ ਦੌਲਤਪੁਰ,ਦ ਗਦਰੀ ਭਾਈ ਈਸ਼ਰ ਸਿੰਘ ਢੁਡੀਕੇ,ਭਾਈ ਜਗਤ ਸਿੰਘ ਸੁਰ ਸਿੰਘ,ਭਾਈ ਜਵੰਦ ਸਿੰਘ ਨੰਗਲ,ਭਾਈ ਕਪੂਰ ਸਿੰਘ ਮੋਹੀ, ਭਾਈ ਮੁਨਸ਼ਾ ਸਿੰਘ ਦੁਖੀ,ਭਾਈ ਬਤਨ ਸਿੰਘ, ਭਾਈ ਕਰਮ ਸਿੰਘ ਝਿੰਗੜ, ਭਾਈ ਕਰਤਾਰ ਸਿੰਘ ਨਵਾਂ ਚੰਦ, ਜੱਥੇਦਾਰ ਪਰਤਾਪ ਸਿੰਘ ਕੋਟ ਫਤੂਹੀ, ਭਾਈ ਨਿਰੰਜਨ ਸਿੰਘ ਪੰਡੋਰੀ,ਭਾਈ ਰਾਮ ਸਿੰਘ ਧੁਲੇਤਾ,ਭਾਈ ਬੀਰ ਸਿੰਘ ਬਾਹੋਵਾਲ, ਭਾਈ ਬਤਨ ਸਿੰਘ ਕਾਹਰੀ,ਬੱਬਰ ਹਰੀ ਸਿੰਘ ਸੂੰਢ, ਬੱਬਰ ਆਸਾ ਸਿੰਘ ਭਕੜੂੰਦੀ, ਭਾਈ ਬਲਵੰਤ ਸਿੰਘ ਖੁਰਦਪੁਰ,ਭਾਈ ਭਾਗ ਸਿੰਘ, ਭਾਈ ਭਗਵਾਨ ਸਿੰਘ ਦੁਸਾਂਝ,ਭਾਈ ਭਗਵਾਨ ਸਿੰਘ ਪ੍ਰੀਤਮ, ਭਾਈ ਦਲੀਪ ਸਿੰਘ ਫਾਹਲਾ, ਭਾਈ ਹਰਦਿੱਤ ਸਿੰਘ ਕੋਟ ਫਤੂਹੀ, ਭਾਈ ਹਰਦਿੱਤ ਸਿੰਘ ਲੰਮੇ, ਭਾਈ ਪਿਆਰਾ ਸਿੰਘ ਲੰਗੇਰੀ, ਬਾਬਾ ਬਚਿੰਤ ਸਿੰਘ ਰੁੜਕਾ ਕਲਾਂ, ਬਾਬਾ ਪਾਖਰ ਸਿੰਘ ਢੁਡੀਕੇ, ਭਾਈ ਹਰੀ ਸਿੰਘ ਚੋਟੀਆਂ ਸ਼ਾਮਲ ਹਨ। ਇਹਨਾਂ ਦਾ ਜਨਮ ਬਿਉਰਾ, ਕਦੋਂ ਕੈਨੇਡਾ ਆਏ ਤੇ ਕਦੋਂ ਸ਼ਹੀਦੀ ਹੋਈ ਦਾ ਵੇਰਵਾ ਅੰਗਰੇਜ਼ੀ ਤੇ ਪੰਜਾਬੀ ਵਿਚ ਲਿਖਵਾ ਕੇ ਲਗਾਇਆ ਗਿਆ।

ਸਮੁਚੇ ਤੌਰ ਤੇ ਦੇਖਿਆ ਜਾਵੇ ਤਾਂ ਸਾਰੇ ਕੈਨੇਡਾ ਵਿਚ ਇਹ ਗੁਰਦਵਾਰਾ ਸਾਹਿਬ ਪਹਿਲਾ ਗੁਰੂ ਘਰ ਹੈ ਜਿਸ ਵਿਚ ਇਕ ਵਾਰ ਦਰਸ਼ਕ ਜਾਂਦਾ ਹੈ ਤਾਂ ਉਸਨੂੰ ਇਹਨਾਂ ਕੰਧ ਚਿਤਰਾਂ ਰਾਹੀ ਸਿੱਖ ਇਤਿਹਾਸ, ਸਿਖ ਸਿਧਾਂਤ ਤੇ ਗੁਰੂ ਸਾਹਿਬ ਦੇ ਸਾਂਝੀਵਾਲਤਾ, ਬਰਾਬਰੀ ਤੇ ਭਾਈਚਾਰੇ ਦੇ ਸੁਨੇਹੇ ਦਾ ਭਲੀ ਭਾਂਤ ਗਿਆਨ ਹੋ ਜਾਂਦਾ ਹੈ। ਇਹੋ ਜਿਹੇ ਉਪਰਾਲੇ ਹੋਰ ਗੁਰਦਵਾਰਾ ਸਾਹਿਬਾਨ ਵਿਚ ਵੀ ਹੋਣੇ ਚਾਹੀਦੇ ਹਨ ਤਾਂ ਜੋ ਗੁਰੂ ਸਾਹਿਬਾਨ ਦਾ ਸੁਨੇਹਾ ਸਭ ਤਕ ਪਹੁੰਚ ਸਕੇ।


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

ਦੇਗ ਤੇਗ ਫਤਿਹ PHONE (604) 254-2117, FAX: (604) 254-5309 ਪੰਥ ਕੀ ਜੀਤ

7 ਅਪ੍ਰੈਲ, ਦਿਨ ਸ਼ੁੱਕਰਵਾਰ...........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
7 ਅਪ੍ਰੈਲ ਦਿਨ ਸ਼ੁੱਕਰਵਾਰ............ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਹਰਜਿੰਦਰ ਕੌਰ ਪ੍ਰਹਾਰ ਵਲੋਂ ਹੋਵੇਗੀ।
8 ਅਪ੍ਰੈਲ, ਦਿਨ ਸ਼ਨਿੱਚਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
8 ਅਪ੍ਰੈਲ, ਦਿਨ ਸ਼ਨਿੱਚਰਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਾਜਵੀਰ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।
9 ਅਪ੍ਰੈਲ, ਦਿਨ ਐਤਵਾਰ.............ਸਵੇਰ ਨੂੰ ਸਵ. ਬੀਬੀ ਗਿਆਨ ਕੌਰ ਲੱਡੂ ਦੀ ਯਾਦ ਵਿਚ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
9 ਅਪ੍ਰੈਲ, ਦਿਨ ਐਤਵਾਰ.............ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
9 ਅਪ੍ਰੈਲ, ਦਿਨ ਐਤਵਾਰ.............ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਭੁਪਿੰਦਰ ਸਿੰਘ ਜਸਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
14 ਅਪ੍ਰੈਲ, ਦਿਨ ਸ਼ੁੱਕਰਵਾਰ..........ਸਵੇਰ 10:00 ਵਜੇ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 16 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।ਸੇਵਾ ਭਾਈ ਸੋਹਨ ਸਿੰਘ ਮੇਟ ਅਤੇ ਪਰਿਵਾਰ ਵਲੋਂ ਹੋਵੇਗੀ।
14 ਅਪ੍ਰੈਲ, ਦਿਨ ਸ਼ੁੱਕਰਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਪ੍ਰਮਜੀਤ ਸਿੰਘ ਪੰਧੇਰ ਅਤੇ ਪਰਿਵਾਰ ਵਲੋਂ ਹੋਵੇਗੀ।
14 ਅਪ੍ਰੈਲ, ਦਿਨ ਸ਼ੁੱਕਰਵਾਰ..........ਸਵੇਰ ਨੂੰ ਅਨੰਦ ਕਾਰਜ ਹੋਵੇਗਾ।

ਅੰਮ੍ਰਿਤ ਸੰਚਾਰ

15 ਅਪ੍ਰੈਲ 2023, ਦਿਨ ਸ਼ਨਿੱਚਰਵਾਰ

ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਦਰਜ ਕਰਵਾਉਣ ਦੀ ਕਿਰਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।

16 ਅਪ੍ਰੈਲ 2023, ਦਿਨ ਐਤਵਾਰ

ਸ਼ਾਮ ਨੂੰ ਬਾਅਦ ਦੁਪਹਿਰ 2:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ।
ਸਰਬੱਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਵਾਂ ਸ਼ਹਿਰ ਦੇ ਗੜ੍ਹ ਸ਼ੰਕਰ ਦੇ ਆਸ-ਪਾਸ ਦੇ ਪਿੰਡਾਂ ਦੀਆਂ ਸੰਗਤਾਂ ਵਲੋਂ ਬ੍ਰਹਮ ਗਿਆਨੀ ਬਾਬਾ ਜਵਾਹਰ ਸਿੰਘ ਜਿਹੜੇ ਕਿ ਬਾਬਾ ਗੰਗਦਾਸ ਗੜ੍ਹ ਸ਼ੰਕਰ ਵਾਲੇ ਦੇ ਪੜੋਪੋਤਰੇ ਸਨ ਦੀ ਯਾਦ ਵਿਚ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ।

ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ 28 ਅਪ੍ਰੈਲ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 30 ਅਪ੍ਰੈਲ 2023, ਦਿਨ ਐਤਵਾਰ ਸਵੇਰੇ 9:00 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਹੋਰ ਜਾਣਕਾਰੀ ਲਈ ਸੰਪਰਕ ਕਰ

ਭਾਈ ਸੁੱਚਾ ਸਿੰਘ ਮਾਨ 604-805-6505
ਬੀਬੀ ਕਿਰਪਾਲ ਕੌਰ ਗਿੱਲ 604-715-1042
ਭਾਈ ਹਰਦੀਪ ਸਿੰਘ 604-346-6665
ਭਾਈ ਸੁਰਜੀਤ ਸਿੰਘ ਹੀਰ 604-306-5069
ਭਾਈ ਕਰਨੈਲ ਸਿੰਘ ਸਹੋਤਾ 604-446-8777
ਭਾਈ ਅਵਤਾਰ ਸਿੰਘ ਪਾਲਕ 604-369-1058

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਬਾਬੂ ਰਾਮ ਟੈਕਸੀ ਡਰਾਈਵਰ ਨੂੰ ਪੁਛਦਾ ਹੈ ਕੀ ਤੂੰ ਗੁਰਦਵਾਰੇ ਜਾਵੇਂਗਾ?
ਟੈਕਸੀ ਡਰਾਈਵਰ:ਹਾਂ ਜਾਵਾਂਗਾ ।
ਬਾਬੂ ਰਾਮ ਨੇ ਕਿਹਾ ਅਤੇ ਮੇਰਾ ਡੱਬਾ ਲੈ ਜਾ ਵਾਪਿਸ ਅਉਂਦਾ ਹੋਇਆ ਲੰਗਰ ਦਾ ਲੈ ਆਈਂ

********

(ਡਾਕਟਰ):ਰਾਮੂ ਤੈਨੂੰ ਦਿਮਾਗ ਦਾ ਟਿਊਮਰ ਹੈ!
ਸ਼ਾਮੂ:ਓਏ ਹੋਏ ਖੁਸ਼ ਖਬਰੀ।
ਰਾਮੂ:ਤੁਸੀ ਏਨਾ ਖੁਸ਼ ਕਿਉ ਹੋ ?
ਸ਼ਾਮੂ:ਇੱਕ ਗੱਲ ਤਾਂ ਸਾਬਿਤ ਹੋ ਗਈ ਹੈ ਕਿ ਮੇਰੇ ਕੋਲ ਦਿਮਾਗ ਤਾਂ ਹੈ।

********

ਨਸੀਰੂਦੀਨ ਟੈਕਸੀ ਵਿੱਚ ਜਾ ਰਿਹਾ ਸੀ ਅਤੇ ਡਰਾਈਵਰ ਬੜੀ ਤੇਜੀ ਨਾਲ ਕਾਰ ਚਲਾ ਕਰ ਰਿਹਾ ਸੀ।
ਨਸੀਰੂਦੀਨ ਬੋਲਿਆ ਵੀਰ ਅਰਾਮ ਨਾਲ ਟੈਕਸੀ ਚਲਾ,ਮੇਰੀ ਪਤਨੀ ਜਵਾਨ ਹੈ 12 ਸਾਲ ਹੀ ਹੋਏ ਹਨ ਮੇਰੇ ਵਿਆਹ ਨੂੰ ਅਤੇ ਮੇਰੇ 12 ਬੱਚੇ ਵੀ ਹਨ।
ਡਰਾਈਵਰ:ਅਪਣੀ ਸਪੀਡ ਵੇਖੀ ਹੈ?ਜੋ ਮੇਰੀ ਸਪੀਡ ਤੇ ਇਤਰਾਜ਼ ਕਰ ਰਿਹਾਂ ਏ।

********

ਸੰਤਾ (ਬੰਤਾ ਨੂੰ) ਤੂੰ ਬਾਈਕ ਇਨੀ ਤੇਜ ਕਿਉਂ ਚਲਾ ਰਿਹਾ ਹੈ?
ਬੰਤਾ:ਐ ਖੱਤ ਬੜਾ ਜ਼ਰੂਰੀ ਦੇਣਾ ਹੈ।
ਸੰਤਾ:ਕਿੱਥੇ?
ਬੰਤਾ:ਪਤਾ ਲੱਭਣ ਦਾ ਸਮਾਂ ਨਹੀਂ ਮਿਲਿਆ।

********

ਖੇਤੀ ਅਧਿਆਪਕ, ''ਅੰਬ ਤੋੜਨ ਦਾ ਸਭ ਤੋਂ ਚੰਗਾ ਸਮਾਂ ਕਿਹੜਾ ਹੰਦਾ ਹੈ?''
ਵਿਦਿਆਰਥੀ, ''ਜਦੋਂ ਬਾਗ ਵਿੱਚ ਮਾਲੀ ਨਾ ਹੋਵੇ।''

********

ਨਰੇਸ਼, ''ਅੰਕਲ, ਆਪਣੀ ਇਹ ਮੱਛਰਦਾਨੀ ਵਾਪਸ ਲੈ ਲਓ।''
ਦੁਕਾਨਦਾਰ, ''ਕਿਉਂ?''
ਨਰੇਸ਼, ''ਚਾਰ ਦਿਨਾਂ ਤੋਂ ਲਾ ਰਿਹਾ ਹਾਂ।
ਇੱਕ ਵੀ ਮੱਛਰ ਨਹੀਂ ਫਸਿਆ।

********

ਮਰੀਜ਼ (ਡਾਕਟਰ ਨੂੰ), ''ਮੈਨੂੰ ਹਰ ਚੀਜ਼ ਦੋ-ਦੋ ਦਿਖਾਈ ਦਿੰਦੀ ਹੈ, ਕੋਈ ਇਲਾਜ ਦੱਸੋ।''
ਡਾਕਟਰ, ''ਠੀਕ ਹੈ, ਪਰ ਤਸੀਂ ਸਾਰੇ ਇੱਕ-ਇੱਕ ਕਰ ਕੇ ਆਓ। ਚਾਰੇ ਇਕੱਠੇ ਕਿਉਂ ਆ ਗਏ।''

********

ਡਾਕਟਰ, ''ਕੀ? ਤੂੰ ਕਹਿਨੈ ਕਿ ਪੰਜ ਮਹੀਨੇ ਪਹਿਲਾਂ ਤੂੰ ਚਾਂਦੀ ਦੇ ਦੋ ਸਿੱਕੇ ਨਿਗਲ ਲਏ ਸਨ ਅਤੇ ਹੁਣ ਉਨ੍ਹਾਂ ਨੂੰ ਕਢਵਾਉਣ ਆਇਆ ਹੈਂ?''
ਮਰੀਜ਼, ''ਜੀ ਹੁਣ ਤੱਕ ਮੈਨੂੰ ਪੈਸਿਆਂ ਦੀ ਲੋੜ ਹੀ ਨਹੀਂ ਪਈ ਸੀ।

********

ਮਾਂ (ਛੋਟੀ ਬੱਚੀ ਨੂੰ), ''ਓਏ ਤੇਰੇ ਭਰਾ ਨੂੰ ਸਕੂਲ ਤੋਂ ਛੁੱਟੀਆਂ ਮਿਲਣ 'ਤੇ ਤੂੰ ਕਿਉਂ ਰੋ ਰਹੀ ਹੈਂ?
ਬੱਚੀ, ''ਜੇ ਮੈਂ ਵੀ ਸਕੂਲ ਜਾਂਦੀ ਹੁੰਦੀ ਤਾਂ ਮੈਨੂੰ ਵੀ ਛੁੱਟੀਆਂ ਮਿਲਦੀਆਂ।

********

ਮਾਸਟਰ: ਬੱਚਿਓ ਦਸੋ ਬੱਦਲ ਕਾਲੇ ਕਿਓਂ ਹੁੰਦੇ ਨੇ?
ਸ਼ਰਾਰਤੀ ਬੱਚਾ: ਸਾਰੀ ਦਿਹਾੜੀ ਧੁੱਪ ਵਿੱਚ ਘੁੰਮਦੇ ਰਹਿੰਦੇ ਨੇ ਕਾਲੇ ਨੀ ਹੋਣਗੇ ਤਾਂ ਹੋਰ ਕੀ ਹੋਣਗੇ।

********

ਅਧਿਆਪਕ (ਬੱਚਿਆਂ ਨੂੰ) – ਮਾਂ ਅਤੇ ਘਰਵਾਲੀ ਵਿੱਚ ਕੀ ਫਰਕ ਹੈ?
ਪੱਪੂ-ਮਾਂ ਇਨਸਾਨ ਨੂੰ ਬੋਲਣਾ ਸਿਖਾਉਂਦੀ ਹੈ ਤੇ ਘਰਵਾਲੀ ਚੁੱਪ ਰਹਿਣਾ।

********

ਦੋਸਤ-ਵਿਆਹ ਮਗਰੋਂ ਇਹ ਮੰਗਲਸੂਤਰ ਕਿਉਂ ਪਹਿਨਿਆ ਜਾਂਦਾ ਹੈ?
ਪੱਪੂ-ਕਿਉਂਕਿ ਵਿਆਹ ਤੋਂ ਬਾਅਦ 'ਮੰਗਲ' ਪਤੀ ਪਿੱਛੇ ਲੱਗ ਜਾਂਦਾ ਹੈ ਤੇ ਜ਼ਿੰਦਗੀ ਦੇ ਸਾਰੇ 'ਸੂਤਰ' ਘਰਵਾਲੀ ਦੇ ਹੱਥ ਆ ਜਾਂਦੇ ਹਨ।

********

(ਇੱਕ ਬਹਾਦਰ ਪਤੀ ਦੀ ਕਹਾਣੀ) ਪਤਨੀ-ਕਿਵੇਂ ਦੀ ਲੱਗ ਰਹੀ ਹਾਂ, ਹੁਣੇ-ਹੁਣੇ ਬਿਊਟੀ ਪਾਰਲਰ ਤੋਂ ਆਈ ਹਾਂ।
ਪਤੀ-ਕੀ ਗੱਲ ਬਿਊਟੀ ਪਾਰਲਰ ਬੰਦ ਸੀ?

********

ਪਤਨੀ :- ਸੁਣੋ ਜੀ!
ਪਤੀ (ਗੁੱਸੇ ਨਾਲ ਕੀ ਹੈ)
ਪਤਨੀ :-ਡਾਕਟਰ ਨੇ ਮੈਨੂੰ ਇੱਕ ਮਹੀਨਾ ਆਰਾਮ ਕਰਨ ਲਈ ਸਵਿਟਜ਼ਰਲੈਂਡ ਜਾਂ ਪੈਰਿਸ ਜਾਣ ਨੂੰ ਕਿਹਾ ਹੈ ਤਾਂ ਫਿਰ ਅਸੀਂ ਕਿੱਥੇ ਜਾ ਰਹੇ ਹਾਂ?
ਪਤੀ :-ਦੂਜੇ ਡਾਕਟਰ ਕੋਲ।

**************

ਪਤਨੀ :-ਸੁਣੋ ਜੀ!ਰਾਤ ਨੀਂਦ ਵਿੱਚ ਤੁਸੀਂ ਮੈਨੂੰ ਗਾਲ੍ਹਾਂ ਕੱਢ ਰਹੇ ਸੋ !
ਪਤੀ:- ਨਹੀਂ! ਇਹ ਤੇਰਾ ਵਹਿਮ ਹੈ ਕਿ ਮੈਂ ਨੀਂਦ ਵਿੱਚ ਸੀ!

**************

ਪੱਪੂ :-ਡਾਕਟਰ ਸਾਹਿਬ ਮੈਨੂੰ ਕੀ ਬਿਮਾਰੀ ਹੈ?
ਡਾਕਟਰ:- ਲੜਕੀਆਂ ਦਾ ਪਿੱਛਾ ਕਰਨਾ ਛੱਡਦੇ।
ਪੱਪੂ: ਉਸ ਨਾਲ ਕੀ ਹੋਵੇਗਾ?
ਡਾਕਟਰ:- ਜੇਕਰ ਲੜਕੀਆਂ ਦਾ ਪਿੱਛਾ ਕਰਨਾ ਨਹੀਂ ਛੱਡੇਂਗਾ ਤਾਂ ਜਲਦੀ ਮਰ ਜਾਵੇਂਗਾ!
ਪੱਪੂ:ਲੜਕੀਆਂ ਦਾ ਪਿੱਛਾ ਕਰਨ ਨਾਲ ਕੋਈ ਕਿਵੇਂ ਮਰ ਸਕਦਾ?
ਡਾਕਟਰ:ਕਿਉਂਕਿ ਉਨ੍ਹਾਂ ਵਿੱਚ ਇੱਕ ਲੜਕੀ ਮੇਰੀ ਵੀ ਹੈ।

**************

ਇਕ ਕੰਜੂਸ ਦੀ ਪਤਨੀ ਬਿਮਾਰ ਸੀ ਬਿਜਲੀ ਚਲੀ ਗਈ।ਕੰਜੂਸ ਆਪਣੀਂ ਪਤਨੀ ਨੂੰ ਬੋਲਿਆ 'ਮੋਮਬੱਤੀ ਬਾਲ ਦਿੱਤੀ ਹੈ ਅਤੇ ਮੈਂ ਡਾਕਟਰ ਨੂੰ ਲੈਣ ਜਾ ਰਿਹਾ ਹਾਂ, ਜੇਕਰ ਤੈਨੂੰ ਲੱਗੇ ਕਿ ਮੈਂ ਨਹੀਂ ਬਚਾਂਗੀ ਤਾਂ ਮੋਮਬੱਤੀ ਜ਼ਰੂਰ ਬੁਝਾ ਦੇਵੀਂ
ਪਤਨੀ :ਤੁਸੀਂ ਵਿਆਹ ਤੋਂ ਬਾਅਦ ਬਦਲ ਗਏ ਹੋ ਮੇਰੇ ਚ ਜ਼ਰਾ ਵੀ ਦਿਲਚਸਪੀ ਨਹੀਂ ਦਿਖਾਉਂਦੇ?
ਪਤੀ ;ਮੈਂ ਤੈਨੂੰ ਪਹਿਲਾਂ ਦੱਸ ਦਾ ਦਿੱਤਾ ਸੀ ਕਿ ਮੈਨੂੰ ਵਿਆਹੀਆਂ ਔਰਤਾਂ ਚ ਬਿਲਕੁਲ ਦਿਲਚਸਪੀ ਨਹੀ।

**************

ਟੀਚਰ: (ਪੱਪੂ ਨੂੰ) ਤੂੰ ਪੜ੍ਹਾਈ ਵਿੱਚ ਬਹੁਤ ਹੀ ਕਮਜ਼ੋਰ ਹੈਂ ਮੈ ਤੇਰੀ ਉਮਰ ਵਿੱਚ ਗਣਿਤ ਦੇ ਇਸ ਤੋਂ ਵੀ ਔਖੇ ਸਵਾਲ ਹੱਲ ਕਰ ਲੈਂਦਾ ਸੀ।
ਪੱਪੂ :ਸਰ ਤੁਹਾਨੂੰ ਚੰਗੇ ਟੀਚਰ ਮਿਲ ਗਏ ਹੋਣਗੇ ਸਭ ਦੀ ਕਿਸਮਤ ਕਿੰਨੀ ਚੰਗੀ ਨਹੀਂ ਹੁੰਦੀ।

**************

ਪਤੀ: ਸਵੇਰੇ ਜਦ ਮੇਰੀ ਅੱਖ ਖੁੱਲ੍ਹਦੀ ਹੈ ਤਾਂ ਮੈਂ ਪ੍ਰਾਰਥਨਾ ਕਰਦਾ ਕਿ ਪ੍ਰਮਾਤਮਾ ਤੇਰੇ ਵਰਗੀ ਪਤਨੀ ਸਭ ਨੂੰ ਦੇਵੇ।
ਪਤਨੀ :(ਖ਼ੁਸ਼ੀ ਨਾਲ) ਕੀ ਸੱਚ ਕਹਿ ਰਹੇ ਓ?
ਪਤੀ :ਹਾਂ ਸੋਚਦਾ ਹਾਂ ਕਿ ਇਕੱਲਾ ਮੈਂ ਹੀ ਕਿਉਂ ਦੁਖੀ ਹੋਵਾਂ!
ਲਾੜਾ:( ਫੇਰਿਆਂ ਵੇਲੇ) ਪੰਡਤ ਜੀ ਪਤਨੀ ਨੂੰ ਖੱਬੇ ਪਾਸੇ ਬਿਠਾਉਣਾ ਕਿ ਸੱਜੇ ਪਾਸੇ?
ਪੰਡਤ: ਦੇਖ ਲੈ ਯਾਰ ਜਿਵੇਂ ਤੈਨੂੰ ਠੀਕ ਲੱਗੇ ਬਾਅਦ ਵਿੱਚ ਤਾਂ ਤੇਰੇ ਸਿਰ ਤੇ ਬੈਠੇਗੀ।

**************

ਇੱਕ ਵਿਅਕਤੀ ਨੇ ਸਲਾਹਕਾਰ ਤੋਂ ਪੁੱਛਿਆ ਕਿ ਲੰਬੀ ਜ਼ਿੰਦਗੀ ਜਿਉਣ ਦਾ ਵੀ ਫਾਰਮੂਲਾ ਹੈ? ਸਲਾਹਕਾਰ ਨੇ ਸੁਝਾਅ ਦਿੰਦੇ ਹੋਏ ਕਿਹਾ 'ਤੁਸੀਂ ਵਿਆਹ ਕਰ ਲਵੋ'
ਵਿਆਕਤੀ:- ਇਸ ਨਾਲ ਮੈਨੂੰ ਕੀ ਮੱਦਦ ਮਿਲੇਗੀ?
ਸਲਾਹਕਾਰ: ਲੰਮੀ ਉਮਰ ਜਿਊਣ ਦਾ ਖਿਆਲ ਕਦੀ ਦਿਲ ਚ ਨਹੀਂ ਆਵੇਗਾ।

**************

ਸੋਨੂੰ (ਮੋਨੂੰ ਨੂੰ) ਤੈਨੂੰ ਪਤਾ ਕਿ ਵਿਆਹੇ ਲੋਕ ਅਖ਼ਬਾਰ ਚ ਆਪਣਾ ਰਾਸ਼ੀਫਲ ਕਿਉਂ ਨਹੀਂ ਦੇਖਦੇ?
ਮੋਨੂੰ: ਅਜਿਹਾ ਕਿਉਂ?
ਸੋਨੂੰ : ਪਤਨੀ ਦਾ ਚਿਹਰਾ ਦੇਖ ਕੇ ਸਮਝ ਲੈਂਦੇ ਨੇ ਅੱਜ ਦਾ ਦਿਨ ਕਿਵੇਂ ਲੰਘੇਗਾ।

**************

ਇੱਕ ਔਰਤ ਗੁੱਸੇ ਚ ਇੰਟਰਨੈਟ ਕੰਪਨੀ ਦੇ ਦਫਤਰ ਵਿੱਚ ਫੋਨ ਕਰੇ ਕਹਿੰਦੀ' ਮੈਂ ਪਿਛਲੇ ਤਿੰਨ ਘੰਟਿਆਂ ਤੋਂ ਇੰਤਜ਼ਾਰ ਕਰ ਰਹੀ ਹਾਂ ਤੁਹਾਡੀ ਕੰਪਨੀ ਦਾ ਇੰਟਰਨੈੱਟ ਨਹੀਂ ਚੱਲ ਰਿਹੈ ਦੱਸੋ ਮੈਂ ਕੀ ਕਰਾਂ?
ਅੱਗੋਂ ਜੁਆਬ ਮਿਲਿਆ ਮੈਡਮ ਇੰਟਰਨੈਟ ਨਹੀਂ ਤਾਂ ਘਰ ਦਾ ਕੋਈ ਕੰਮ ਕਰ ਲਵੋ!

**************

ਪੱਪੂ, ''ਪਿਤਾ ਜੀ, ਪਿਆਰ ਇੱਕ ਵਾਇਰਸ ਹੈ।"
ਪਿਤਾ ਜੀ, ''...ਅਤੇ ਗੇਟ ਦੇ ਪਿੱਛੇ ਰੱਖਿਆ ਡੰਡਾ ਐਂਟੀ ਵਾਇਰਸ ਹੈ। ਕਹੇਂ ਤਾਂ ਖੜੇ ਪੈਰ ਤੇਰਾ ਸਿਸਟਮ ਸਕੈਨ ਕਰ ਦਿੰਦਾ ਹਾਂ।"

**************

ਪਤੀ, ''ਕੀ ਦੇਖ ਰਹੀ ਏਂ?"
ਪਤਨੀ, ''ਜੀ ਕੁਕਿੰਗ ਸ਼ੋਅ।"
ਪਤੀ, ''ਸਾਰਾ ਦਿਨ ਕੁਕਿੰਗ ਸ਼ੋਅ ਦੇਖਦੀ ਏਂ, ਖਾਣਾ ਬਣਾਉਣਾ ਤਾਂ ਫਿਰ ਵੀ ਨਹੀਂ ਆਇਆ ਤੈਨੂੰ।"
ਪਤਨੀ, ''ਤੁਸੀਂ ਵੀ ਹਮੇਸ਼ਾ ਕੌਣ ਬਣੇਗਾ ਕਰੋੜਪਤੀ' ਦੇਖਦੇ ਰਹਿੰਦੇ ਹੋ, ਕਰੋੜਪਤੀ ਬਣੇ ਤਾਂ ਨਹੀਂ।"

**************

## ਹਾਸੇ ਦੀ ਪਟਾਰੀ

**ਇਕ** ਬਹਾਨੇਬਾਜ ਮੁਲਾਜ਼ਮ ਦਾ ਦਾਦਾ ਉਸ ਦੇ ਦਫਤਰ ਜਾ ਕੇ ਉਸ ਦੇ ਬੌਸ ਨੂੰ ਬੋਲਿਆ, ਇਸ ਦਫਤਰ ਵਿੱਚ ਮੇਰਾ ਪੋਤਾ ਸੁਨੀਲ ਕੰਮ ਕਰਦਾ ਹੈ। ਮੈਂ ਉਸ ਨੂੰ ਮਿਲਣਾ ਹੈ।
ਬੌਸ ਨੇ ਮੁਸਕਰਾ ਕੇ ਕਿਹਾ, ਮੈਨੂੰ ਅਫਸੋਸ ਹੈ ਕਿ ਤੁਸੀਂ ਦੇਰ ਨਾਲ ਆਏ ਹੋ। ਉਹ ਤੁਹਾਡੀ ਅਰਥੀ ਨੂੰ ਮੋਢਾ ਦੇਣ ਲਈ ਛੁੱਟੀ ਲੈ ਕੇ ਜਾ ਚੁੱਕਾ ਹੈ।

•----•----•

**ਸਹੁਰਾ** (ਫੋਨ 'ਤੇ), ਜਵਾਈ ਜੀ, ਕੱਲ੍ਹ ਤੁਹਾਡੇ ਸਾਲੇ ਲਈ ਕੁੜੀ ਦੇਖਣ ਜਾ ਰਹੇ ਹਾਂ, ਹੋ ਸਕੇ ਤਾਂ ਤੁਸੀਂ ਵੀ ਨਾਲ ਚੱਲੋ।
ਜਵਾਈ, ਤੁਸੀਂ ਲੋਕ ਹੀ ਦੇਖ ਲਓ, ਮੇਰਾ ਤਾਂ ਆਪਣਾ ਫੈਸਲਾ ਹੀ ਗਲਤ ਹੋਇਆ ਪਿਆ ਹੈ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਗੁਰੂਘਰਾਂ ਦੇ ਦਰਸ਼ਨਾਂ ਲਈ 21 ਮੁਲਕਾਂ ਤੋਂ ਆਈ ਵਿਦੇਸ਼ੀ ਸੰਗਤ ਨਾਭਾ ਦੇ 'ਗੁਰਦੁਆਰਾ ਘੋੜਿਆਂ ਵਾਲਾ' ਵਿਖੇ ਹੋਏ ਨਤਮਸਤਕ



ਨਾਭਾ (ਕੋਮਲਜੀਤ ਕੌਰ): ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ 21 ਮੁਲਕਾਂ ਤੋਂ ਸੰਗਤ ਅੱਜ ਪੰਜਾਬ ਪਹੁੰਚੀ ਜਿਥੇ ਉਨ੍ਹਾਂ ਨੇ ਨਾਭਾ ਸਥਿਤ ਗੁਰਦੁਆਰਾ ਘੋੜਿਆਂ ਵਾਲਾ ਵਿਖੇ ਮੱਥਾ ਟੇਕਿਆ ਅਤੇ ਵਾਹਿਗੁਰੂ ਦਾ ਸਿਮਰਨ ਕੀਤਾ। ਦੱਸ ਦੇਈਏ ਕਿ ਇਸ ਡੈਲੀਗੇਸ਼ਨ ਵਿਚ ਅਮਰੀਕਾ, ਜਰਮਨ, ਕੈਨੇਡਾ, ਆਸਟ੍ਰੇਲੀਆ, ਰੂਸ, ਕੁਰੇਸ਼ੀਆ ਸਮੇਤ ਵੱਖ-ਵੱਖ ਦੇਸ਼ਾਂ ਤੋਂ ਲੋਕ ਆਏ ਹੋਏ ਸਨ। 100 ਮੈਂਬਰੀ ਇਸ ਡੈਲੀਗੇਸ਼ਨ ਨੇ ਦੱਸਿਆ ਕਿ ਉਹ ਸਿੱਖ ਧਰਮ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਉਹ ਸਿੱਖ ਧਰਮ ਨੂੰ ਅਪਣਾਉਣਾ ਚਾਹੁੰਦੇ ਹਨ। ਇਨ੍ਹਾਂ ਵਿਚੋਂ ਕਈਆਂ ਨੇ ਅੰਮ੍ਰਿਤ ਪਾਨ ਵੀ ਕਰ ਲਿਆ ਹੈ। ਗੁਰਦੁਆਰਾ ਸਾਹਿਬ ਮੱਥਾ ਟੇਕਣ ਮਗਰੋਂ ਉਹ ਨਾਭਾ ਦੇ ਪੁਰਾਣਾ ਕਿਲ੍ਹਾ ਅਤੇ ਹੀਰਾ ਮਹਿਲ ਵੀ ਗਏ ਜਿਥੇ ਗੁਰੂ ਸਾਹਿਬ ਦੇ ਸ਼ਾਸਤਰਾਂ ਅਤੇ ਬਸਤਰਾਂ ਦੇ ਦਰਸ਼ਨ ਕੀਤੇ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਉਹ ਹਰ ਸਾਲ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਆਉਂਦੇ ਹਨ। ਪਿਛਲੇ ਸਾਲ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਸਨ ਅਤੇ ਇਸ ਵਾਰ ਪੰਜਾਬ ਫੇਰੀ 'ਤੇ ਆਏ ਹਨ। ਡੈਲੀਗੇਸ਼ਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਬਾਰੇ ਜਾਨਣਾ ਉਨ੍ਹਾਂ ਲਈ ਬਹੁਤ ਹੀ ਵਡਮੁੱਲੀ ਚੀਜ਼ ਹੈ। ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਮਹਾਨ ਇਤਿਹਾਸ ਬਾਰੇ ਜਾਣ ਕੇ ਅਤੇ ਇਸ ਨਾਲ ਜੁੜ ਕੇ ਉਹ ਖ਼ੁਸ਼ੀ ਮਹਿਸੂਸ ਕਰ ਰਹੇ ਹਨ। ਇਸ ਫੇਰੀ ਦੌਰਾਨ ਉਨ੍ਹਾਂ ਨੇ ਵਾਹਿਗੁਰੂ ਦਾ ਜਾਪ ਕੀਤਾ ਅਤੇ ਸਿਮਰਨ ਕੀਤਾ।

## ਦਿੱਲੀ ਪੁਲੀਸ ਨੂੰ ਲੋੜੀਂਦਾ ਗੈਂਗਸਟਰ ਦੀਪਕ ਬਾਕਸਰ ਮੈਕਸੀਕੋ 'ਚ ਗ੍ਰਿਫ਼ਤਾਰ

ਨਵੀਂ ਦਿੱਲੀ:-ਸੰਘੀ ਜਾਂਚ ਬਿਊਰੋ (ਐੱਫਬੀਆਈ) ਦੀ ਮਦਦ ਨਾਲ ਦਿੱਲੀ ਪੁਲੀਸ ਦੀ ਸਪੈਸ਼ਲ ਬ੍ਰਾਂਚ ਨੇ ਰਾਸ਼ਟਰੀ ਰਾਜਧਾਨੀ ਦੇ ਮੋਸਟ ਵਾਂਟੇਡ ਗੈਂਗਸਟਰਾਂ ਵਿਚੋਂ ਇਕ ਦੀਪਕ 'ਬਾਕਸਰ' ਨੂੰ ਮੈਕਸੀਕੋ ਵਿਚ ਗ੍ਰਿਫਤਾਰ ਕੀਤਾ ਹੈ। ਸਪੈਸ਼ਲ ਬ੍ਰਾਂਚ ਦੀ ਟੀਮ ਇਸ ਸਮੇਂ ਮੈਕਸੀਕੋ ਵਿੱਚ ਹੈ ਅਤੇ ਇਸ ਗੈਂਗਸਟਰ ਨੂੰ ਫੜ ਲਿਆ ਹੈ। ਉਸ ਨੂੰ ਭਾਰਤ ਲਿਆਂਦਾ ਜਾਵੇਗਾ। ਦੀਪਕ ਪਿਛਲੇ ਸਾਲ ਇੱਥੋਂ ਦੇ ਰੋਹਿਣੀ ਕੋਰਟ ਕੰਪਲੈਕਸ ਵਿੱਚ ਗੈਂਗਸਟਰ ਜਤਿੰਦਰ ਗੋਗੀ ਦੇ ਕਤਲ ਤੋਂ ਬਾਅਦ 'ਗੋਗੀ ਗੈਂਗ' ਚਲਾ ਰਿਹਾ ਸੀ। ਉਹ ਬਿਲਡਰ ਅਮਿਤ ਗੁਪਤਾ ਦੇ ਕਤਲ ਦੇ ਮਾਮਲੇ ਵਿੱਚ ਲੋੜੀਂਦਾ ਸੀ।


FRASERVIEW MEATS
The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)
www.fraserviewmeats.com

Rai EXPRESS LINES LTD.



Hiring


Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events



Capacity
350-375 seats

Dream Catering "Your Venue, Our Food"

We provide various Menu
Options to choose


ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC    Email:info@dreambanquethall.ca

# PEACE FURNITURE

**For The Peace Of Your Mind**



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca    Web:www.peacefurniture.ca